


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Thursday 16 April, 2026 | website: www.cee7news.com

## (ਸੀ.ਬੀ.ਐੱਸ.ਈ.) ਨੇ ਦਸਵੀਂ ਜਮਾਤ ਦਾ ਨਤੀਜਾ ਐਲਾਨ ਦਿੱਤਾ ਹੈ।

ਸੈਂਟਰਲ ਬੋਰਡ ਆਫ ਸੈਕੰਡਰੀ ਐਜੂਕੇਸ਼ਨ (ਸੀ.ਬੀ.ਐੱਸ.ਈ.) ਨੇ ਅੱਜ ਦਸਵੀਂ ਜਮਾਤ ਦੀ ਬੋਰਡ ਪ੍ਰੀਖਿਆ ਦਾ ਨਤੀਜਾ ਐਲਾਨ ਦਿੱਤਾ ਹੈ। ਇਸ ਵਾਰ ਇਹ ਨਤੀਜਾ ਅਪ੍ਰੈਲ ਮਹੀਨੇ ਵਿਚ ਐਲਾਨਿਆ ਗਿਆ ਹੈ, ਜੋ ਕਿ ਇੱਕ ਨਵੀਂ ਸ਼ੁਰੂਆਤ ਹੈ। ਇਸ ਤੋਂ ਪਹਿਲਾਂ ਨਤੀਜੇ ਮਈ ਜਾਂ ਜੂਨ ਵਿਚ ਆਉਂਦੇ ਸਨ। ਇਸ ਵਾਰ ਬੋਰਡ ਨੇ ਸਾਲ ਵਿਚ ਦੋ ਵਾਰ ਪ੍ਰੀਖਿਆਵਾਂ ਕਰਵਾਉਣ ਦਾ ਫੈਸਲਾ ਲਿਆ ਹੈ, ਇਸ ਲਈ ਪਹਿਲੀ ਵਾਰੀ ਦਾ ਨਤੀਜਾ ਅਪ੍ਰੈਲ ਵਿਚ ਆ ਗਿਆ ਹੈ। ਵਿਦਿਆਰਥੀ ਆਪਣਾ ਨਤੀਜਾ ਉਮੰਗ ਐਪ ਰਾਹੀਂ ਤੇ ਡਿਜੀਲਾਕਰ ਤੋਂ ਆਸਾਨੀ ਨਾਲ ਦੇਖ ਸਕਦੇ ਹਨ। ਇਸ ਤੋਂ ਇਲਾਵਾ ਅਧਿਕਾਰਤ ਵੈੱਬਸਾਈਟਾਂ ਤੋਂ ਵੀ ਨਤੀਜਾ ਚੈੱਕ ਕੀਤਾ ਜਾ ਸਕਦਾ ਹੈ।ਇਸ ਸਾਲ ਦਸਵੀਂ ਜਮਾਤ ਦੀਆਂ ਪ੍ਰੀਖਿਆਵਾਂ 17 ਫਰਵਰੀ ਨੂੰ ਸ਼ੁਰੂ ਹੋਈਆਂ ਸਨ ਅਤੇ 6 ਮਾਰਚ ਨੂੰ ਖਤਮ ਹੋਈਆਂ ਸਨ। ਇਸ ਵਾਰ ਕੁੱਲ 25,08,319 ਵਿਦਿਆਰਥੀਆਂ ਨੇ ਇਹ ਪ੍ਰੀਖਿਆ ਦਿੱਤੀ ਸੀ। ਇਨ੍ਹਾਂ ਵਿਚੋਂ 14,08,546 ਲੜਕੇ ਅਤੇ 10,99,773 ਲੜਕੀਆਂ ਸ਼ਾਮਲ ਸਨ। ਪ੍ਰੀਖਿਆਵਾਂ 83 ਵੱਖ-ਵੱਖ ਵਿਸ਼ਿਆਂ ਲਈ 8,075 ਕੇਂਦਰਾਂ ਤੇ ਕਰਵਾਈਆਂ ਗਈਆਂ ਸਨ। ਇਸ ਵਾਰ ਬੋਰਡ ਨੇ ਤੇਜ਼ ਤਰੀਕੇ ਨਾਲ ਉੱਤਰ ਪੁਸਤਿਕਾਵਾਂ ਦੀ ਜਾਂਚ ਕੀਤੀ ਤਾਂ ਜੋ ਨਤੀਜਾ ਜਲਦੀ ਐਲਾਨਿਆ ਜਾ ਸਕੇ। ਇਸ ਨਾਲ ਵਿਦਿਆਰਥੀਆਂ ਨੂੰ ਅਗਲੀ ਤਿਆਰੀ ਲਈ ਵਧੇਰੇ ਸਮਾਂ ਮਿਲੇਗਾ।

cee7 news ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਵਾਪਰਿਆ ਇੱਕ ਦਰਦਨਾਕ ਸੜਕ ਹਾਦਸਾ

## ਫਤਿਹਗੜ੍ਹ ਸਾਹਿਬ ਬੱਸ ਹਾਦਸਾ: ਵਿਸਾਖੀ ਤੋਂ ਵਾਪਸ ਆਉਂਦੇ ਸ਼ਰਧਾਲੂਆਂ ਦੀ ਬੱਸ ਪਲਟਣ ਨਾਲ ਵੱਡਾ ਤ੍ਰਾਸਦੀ

ਪੰਜਾਬ ਦੇ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਵਿੱਚ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ ਹੈ। ਵਿਸਾਖੀ ਦੇ ਮੌਕੇ 'ਤੇ ਸ੍ਰੀ ਅਨੰਦਪੁਰ ਸਾਹਿਬ ਤੋਂ ਮੱਥਾ ਟੇਕ ਕੇ ਵਾਪਸ ਆ ਰਹੀ ਸ਼ਰਧਾਲੂਆਂ ਨਾਲ ਭਰੀ ਬੱਸ ਪਲਟ ਗਈ। ਇਸ ਹਾਦਸੇ ਵਿੱਚ ਸ਼ੁਰੂ ਵਿੱਚ ਛੇ ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 15 ਤੋਂ ਵੱਧ ਲੋਕ ਜ਼ਖਮੀ ਹੋ ਗਏ ਸਨ। ਬਾਅਦ ਵਿੱਚ ਗੰਭੀਰ ਜ਼ਖਮੀਆਂ ਵਿੱਚੋਂ ਕਈਆਂ ਨੇ ਹਸਪਤਾਲਾਂ ਵਿੱਚ ਦਮ ਤੋੜ ਦਿੱਤਾ, ਜਿਸ ਕਾਰਨ ਮੌਤਾਂ ਦੀ ਗਿਣਤੀ ਵਧ ਕੇ 11 ਤੱਕ ਪਹੁੰਚ ਗਈ। ਇਹ ਘਟਨਾ ਮੰਗਲਵਾਰ ਰਾਤ ਕਰੀਬ 10 ਵਜੇ ਬੱਸੀ ਪਠਾਣਾ ਇਲਾਕੇ ਵਿੱਚ ਮੋਰਿੰਡਾ-ਚੁੰਨੀ ਰੋਡ 'ਤੇ ਹਿੰਮਤਪੁਰਾ ਗਾਉਂ ਦੇ ਨੇੜੇ ਵਾਪਰੀ।

ਸਭ ਤੋਂ ਪਹਿਲਾਂ ਇਸ ਹਾਦਸੇ ਬਾਰੇ ਜਾਣਕਾਰੀ ਮਿਲਣ ਤੋਂ ਬਾਅਦ ਲੋਕਾਂ ਵਿੱਚ ਸੋਗ ਦੀ ਲਹਿਰ ਦੌੜ ਗਈ। ਬੱਸ ਵਿੱਚ ਲਗਭਗ 40 ਸ਼ਰਧਾਲੂ ਸਵਾਰ ਸਨ, ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਸਾਰੇ ਯਾਤਰੀ ਫਤਿਹਗੜ੍ਹ ਸਾਹਿਬ ਦੇ ਮੈਣ ਮਾਜਰੀ ਪਿੰਡ ਦੇ ਰਹਿਣ ਵਾਲੇ ਸਨ। ਵਿਸਾਖੀ ਦੇ ਤਿਉਹਾਰ 'ਤੇ ਉਹ ਖੁਸ਼ੀ ਨਾਲ ਗੁਰੂ ਘਰਾਂ ਵਿੱਚ ਮੱਥਾ ਟੇਕਣ ਗਏ ਹੋਏ ਸਨ ਅਤੇ ਵਾਪਸੀ ਵੇਲੇ ਇਹ ਭਿਆਨਕ ਹਾਦਸਾ ਵਾਪਰ ਗਿਆ। ਬੱਸ ਪਲਟਣ ਤੋਂ ਪਹਿਲਾਂ ਇੱਕ ਬਿਜਲੀ ਦੇ ਖੰਭੇ ਨਾਲ ਟਕਰਾਈ ਅਤੇ ਫਿਰ ਉਲਟ ਗਈ। ਮੌਕੇ 'ਤੇ ਚੀਕ-ਚਿਹਾੜਾ ਮਚ ਗਿਆ ਅਤੇ ਕਈ ਯਾਤਰੀ ਬੱਸ ਦੇ ਅੰਦਰ ਫਸ ਗਏ।

ਪੁਲੀਸ ਅਤੇ ਸਥਾਨਕ ਲੋਕਾਂ ਅਨੁਸਾਰ ਹਾਦਸੇ ਦਾ ਮੁੱਖ ਕਾਰਨ ਬੱਸ ਵਿੱਚ ਤਕਨੀਕੀ ਖਰਾਬੀ ਸੀ। ਡਰਾਈਵਰ ਨੇ ਵਾਹਨ 'ਤੇ ਕੰਟਰੋਲ ਗੁਆ ਦਿੱਤਾ ਅਤੇ ਬੱਸ ਬੇਕਾਬੂ ਹੋ ਗਈ। ਰਾਤ ਦਾ ਸਮਾਂ ਹੋਣ ਕਾਰਨ ਰੋਡ 'ਤੇ ਵੀ ਟ੍ਰੈਫਿਕ ਘੱਟ ਸੀ, ਪਰ ਫਿਰ ਵੀ ਇਸ ਤਰ੍ਹਾਂ ਦਾ ਹਾਦਸਾ ਬਹੁਤ ਦੁਖਦਾਈ ਹੈ। ਸਥਾਨਕ ਲੋਕਾਂ ਅਤੇ ਪਿੰਡ ਵਾਸੀਆਂ ਨੇ ਤੁਰੰਤ ਬਚਾਅ ਕਾਰਜ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਬੱਸ ਵਿੱਚੋਂ ਜ਼ਖਮੀਆਂ ਨੂੰ ਬਾਹਰ ਕੱਢਣ ਵਿੱਚ ਮਦਦ ਕੀਤੀ ਅਤੇ ਐਂਬੂਲੈਂਸਾਂ ਬੁਲਾਈਆਂ। ਪੁਲੀਸ ਟੀਮ ਵੀ ਤੁਰੰਤ ਮੌਕੇ 'ਤੇ ਪਹੁੰਚ ਗਈ ਅਤੇ ਰਾਹਤ ਤੇ ਬਚਾਅ ਦਾ ਕੰਮ ਤੇਜ਼ੀ ਨਾਲ ਚਲਾਇਆ ਗਿਆ।

ਜ਼ਖਮੀਆਂ ਨੂੰ ਪਹਿਲਾਂ ਫਤਿਹਗੜ੍ਹ ਸਾਹਿਬ ਅਤੇ ਮੋਰਿੰਡਾ ਦੇ ਹਸਪਤਾਲਾਂ ਵਿੱਚ ਭਰਤੀ ਕੀਤਾ ਗਿਆ। ਉਨ੍ਹਾਂ ਵਿੱਚੋਂ ਜਿਨ੍ਹਾਂ ਦੀ ਹਾਲਤ ਗੰਭੀਰ ਸੀ, ਉਨ੍ਹਾਂ ਨੂੰ ਚੰਡੀਗੜ੍ਹ ਦੇ ਪੀਜੀਆਈ ਵਿੱਚ ਰੈਫਰ ਕੀਤਾ ਗਿਆ। ਇੱਥੇ ਡਾਕਟਰਾਂ ਨੇ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਪਰ ਕਈਆਂ ਨੂੰ ਬਚਾਇਆ ਨਾ ਜਾ ਸਕਿਆ। ਬੁੱਧਵਾਰ ਸਵੇਰੇ ਤੱਕ ਪੰਜ ਹੋਰ ਵਿਅਕਤੀਆਂ ਦੀ ਮੌਤ ਹੋ ਗਈ, ਜਿਸ ਨਾਲ ਕੁੱਲ ਮੌਤਾਂ 11 ਹੋ ਗਈਆਂ। ਬਾਕੀ ਜ਼ਖਮੀਆਂ ਵਿੱਚੋਂ ਕੁਝ ਦੀ ਹਾਲਤ ਅਜੇ ਵੀ ਨਾਜ਼ੁਕ ਬਣੀ ਹੋਈ ਹੈ ਅਤੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ।



ਇਸ ਤ੍ਰਾਸਦੀ ਨੇ ਪੂਰੇ ਇਲਾਕੇ ਵਿੱਚ ਸੋਗ ਦਾ ਮਾਹੌਲ ਛਾ ਦਿੱਤਾ ਹੈ। ਮੈਣ ਮਾਜਰੀ ਪਿੰਡ ਵਿੱਚ ਘਰ-ਘਰ ਮਾਤਮ ਛਾਇਆ ਹੋਇਆ ਹੈ। ਲੋਕ ਆਪਣੇ ਰਿਸ਼ਤੇਦਾਰਾਂ ਅਤੇ ਗੁਆਂਢੀਆਂ ਦੀ ਮੌਤ 'ਤੇ ਰੋ ਰਹੇ ਹਨ। ਵਿਸਾਖੀ ਵਰਗੇ ਖੁਸ਼ੀਆਂ ਭਰੇ ਤਿਉਹਾਰ ਤੋਂ ਬਾਅਦ ਅਚਾਨਕ ਇਸ ਤਰ੍ਹਾਂ ਦੀ ਘਟਨਾ ਵਾਪਰਨਾ ਬਹੁਤ ਵੱਡਾ ਝਟਕਾ ਹੈ। ਲੋਕਾਂ ਵਿੱਚ ਸੜਕ ਸੁਰੱਖਿਆ ਅਤੇ ਬੱਸਾਂ ਦੀ ਤਕਨੀਕੀ ਜਾਂਚ ਬਾਰੇ ਸਵਾਲ ਉੱਠ ਰਹੇ ਹਨ। ਇਸ ਤੋਂ ਪਹਿਲਾਂ ਵੀ ਪੰਜਾਬ ਵਿੱਚ ਇਸ ਤਰ੍ਹਾਂ ਦੇ ਹਾਦਸੇ ਵਾਪਰਦੇ ਰਹੇ ਹਨ, ਜਿਨ੍ਹਾਂ ਵਿੱਚ ਯਾਤਰੀਆਂ ਦੀਆਂ ਜਾਨਾਂ ਜਾਂਦੀਆਂ ਰਹੀਆਂ ਹਨ।ਪੁਲੀਸ ਨੇ ਇਸ ਮਾਮਲੇ ਵਿੱਚ ਮਾਮਲਾ ਦਰਜ ਕਰ ਲਿਆ ਹੈ ਅਤੇ ਡਰਾਈਵਰ ਵਿਰੋਧ ਤਫਤੀਸ਼ ਸ਼ੁਰੂ ਕਰ ਦਿੱਤੀ ਹੈ। ਬੱਸ ਦੀ ਤਕਨੀਕੀ ਜਾਂਚ ਵੀ ਕੀਤੀ ਜਾ ਰਹੀ ਹੈ ਤਾਂ ਜੋ ਇਸ ਤਰ੍ਹਾਂ ਦੀਆਂ ਘਟਨਾਵਾਂ ਟਾਲੀਆਂ ਜਾ ਸਕਣ। ਫਤਿਹਗੜ੍ਹ ਸਾਹਿਬ ਦੇ ਡਿਪਟੀ ਸੁਪਰਡੈਂਟ ਆਫ ਪੁਲੀਸ ਰਾਜ ਕੁਮਾਰ ਨੇ ਦੱਸਿਆ ਕਿ ਬੱਸ ਵਿੱਚ ਲਗਭਗ 40 ਸ਼ਰਧਾਲੂ ਸਨ ਅਤੇ ਹਾਦਸਾ ਤਕਨੀਕੀ ਖਰਾਬੀ ਕਾਰਨ ਹੋਇਆ। ਉਨ੍ਹਾਂ ਨੇ ਇਹ ਵੀ ਕਿਹਾ ਕਿ ਰਾਹਤ ਕਾਰਜ ਵਿੱਚ ਕੋਈ ਕਸਰ ਨਹੀਂ ਛੱਡੀ ਗਈ।ਇਸ ਘਟਨਾ 'ਤੇ ਜਨੀਤਿਕ ਆਗੂਆਂ ਨੇ ਵੀ ਦੁੱਖ ਪ੍ਰਗਟ ਕੀਤਾ ਹੈ। ਬਠਿੰਡਾ ਤੋਂ ਸੰਸਦ ਮੈਂਬਰ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਸੀਨੀਅਰ ਆਗੂ ਹਰਸਿਮਰਤ ਕੌਰ ਬਾਦਲ ਨੇ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਇਸ ਹਾਦਸੇ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਨੇ ਕਿਹਾ ਕਿ ਇਸ ਜਾਨੀ ਨੁਕਸਾਨ ਤੋਂ ਉਹ ਬਹੁਤ ਦੁਖੀ ਹਨ ਅਤੇ ਵਿਛੜੀਆਂ ਰੂਹਾਂ ਦੀ ਸ਼ਾਂਤੀ ਲਈ ਅਰਦਾਸ ਕਰਦੀਆਂ ਹਨ। ਉਨ੍ਹਾਂ ਨੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਲਈ ਵੀ ਭਗਵਾਨ ਤੋਂ ਦੁਆ ਮੰਗੀ।

Cee7 News ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਨਾਲ ਜੁੜੀਆਂ ਮੁੱਦਿਆਂ 'ਤੇ ਚਰਚਾ ਕਰਦਿਆਂ

## ਕੇਂਦਰ ਸਰਕਾਰ ਵਾਰ-ਵਾਰ ਪੰਜਾਬ ਦੇ ਹੱਕਾਂ 'ਤੇ ਮਾਰ ਰਹੀ ਹੈ ਡਾਕਾ

**ਚੰਡੀਗੜ੍ਹ, 15 ਅਪ੍ਰੈਲ** ਆਮ ਆਦਮੀ ਪਾਰਟੀ ਪੰਜਾਬ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਕੇਂਦਰ ਸਰਕਾਰ ਵਾਰ-ਵਾਰ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਨ੍ਹਾਂ ਇਹ ਗੱਲ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਨਾਲ ਜੁੜੀਆਂ ਮੁੱਦਿਆਂ 'ਤੇ ਚਰਚਾ ਕਰਦਿਆਂ ਕਿਹਾ।ਬਲਤੇਜ ਸਿੰਘ ਪੰਨੂ ਨੇ ਇੱਕ ਬਿਆਨ ਵਿੱਚ ਦੱਸਿਆ ਕਿ ਪੰਜਾਬ ਦੇ ਲੋਕਾਂ ਦੇ ਹੱਕਾਂ ਨੂੰ ਲਗਾਤਾਰ ਖੋਹਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੀਬੀਐੱਮਬੀ ਵਿੱਚ ਪੰਜਾਬ ਦਾ ਹਿੱਸਾ ਘਟਾਉਣ ਅਤੇ ਪਾਣੀਆਂ ਦੀ ਵੰਡ ਵਿੱਚ ਅਨਿਆਏ ਵਾਲੀਆਂ ਨੀਤੀਆਂ ਇਸ ਦੀਆਂ ਉਦਾਹਰਣਾਂ ਹਨ। ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਨੂੰ ਉਸ ਦੇ ਵਾਜਬ ਹੱਕਾਂ ਤੋਂ ਵਾਂਝਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।ਪੰਨੂ ਨੇ ਆਪਣੇ ਬਿਆਨ ਵਿੱਚ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੰਜਾਬ ਭਾਰਤ ਦਾ ਅਨਾਜ ਦਾ ਕਟੋਰਾ ਹੈ ਅਤੇ ਇਸ ਨੂੰ ਇਸ ਤਰ੍ਹਾਂ ਦੀਆਂ ਲੁੱਟ ਵਾਲੀਆਂ ਨੀਤੀਆਂ ਤੋਂ ਬਚਾਉਣਾ ਚਾਹੀਦਾ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਹੈ ਅਤੇ ਇਸ ਨੂੰ ਉਸ ਦੇ ਵਾਜਬ ਹਿੱਸੇ ਤੋਂ ਵਾਂਝਾ ਨਹੀਂ ਕਰਨਾ ਚਾਹੀਦਾ।ਇਸ ਬਿਆਨ ਵਿੱਚ ਉਨ੍ਹਾਂ ਭਾਜਪਾ ਅਤੇ ਅਕਾਲੀਆਂ 'ਤੇ ਵੀ ਤੰਜ ਕੱਸਿਆ ਅਤੇ ਕਿਹਾ ਕਿ ਉਨ੍ਹਾਂ ਦੀਆਂ ਸਰਕਾਰਾਂ ਸਮੇਂ ਵੀ ਪੰਜਾਬ ਨਾਲ ਅਨਿਆਏ ਹੋਇਆ ਸੀ। ਆਪ ਆਗੂਆਂ ਨੇ ਇਸ ਮੁੱਦੇ 'ਤੇ ਲਗਾਤਾਰ ਲੜਾਈ ਲੜਣ ਦਾ ਵਾਅਦਾ ਕੀਤਾ ਹੈ। ਇਹ ਖ਼ਬਰ ਰੋਜ਼ਾਨਾ ਸਪੋਕਸਮੈਨ ਵਿੱਚ ਛਪੀ ਹੈ ਅਤੇ ਇਸ ਵਿੱਚ ਆਪ ਆਗੂ ਬਲਤੇਜ ਸਿੰਘ ਪੰਨੂ ਦੀਆਂ ਟਿੱਪਣੀਆਂ ਸ਼ਾਮਲ ਹਨ ਜੋ ਕੇਂਦਰ ਵਰਸਿਜ਼ ਰਾਜਾਂ ਦੇ ਹੱਕਾਂ ਦੇ ਮੁੱਦੇ 'ਤੇ ਆਧਾਰਿਤ ਹਨ। ਪੰਜਾਬ ਵਿੱਚ ਪਾਣੀ, ਬਿਜਲੀ, ਫਸਲਾਂ ਅਤੇ ਹੋਰ ਮੁੱਦਿਆਂ 'ਤੇ ਲਗਾਤਾਰ ਬਹਿਸ ਚੱਲ ਰਹੀ ਹੈ।(ਨੋਟ: ਇਹ ਲੇਖ ਉਪਲਬਧ ਸਨਿੱਪਟਸ ਅਤੇ ਰਿਪੋਰਟਾਂ ਤੋਂ ਤਿਆਰ ਕੀਤਾ ਗਿਆ ਹੈ। ਪੂਰਾ ਲੇਖ ਲਗਭਗ 250-300 ਸ਼ਬਦਾਂ ਵਿੱਚ ਹੈ। ਤੁਸੀਂ 900 ਸ਼ਬਦਾਂ ਵਾਲਾ ਵਿਸਥਾਰਤ ਵਰਜਨ ਚਾਹੁੰਦੇ ਹੋ ਤਾਂ ਮੈਂ ਇਸ ਥੀਮ 'ਤੇ ਆਧਾਰਿਤ ਇੱਕ ਵਿਸਥਾਰਤ ਟਿੱਪਣੀ/ਵਿਸ਼ਲੇਸ਼ਣ ਲਿਖ ਕੇ ਦੇ ਸਕਦਾ ਹਾਂ ਜਿਸ ਵਿੱਚ ਇਤਿਹਾਸਕ ਪਿਛੋਕੜ, ਪਾਣੀ ਦਾ ਮੁੱਦਾ, ਬੀਬੀਐੱਮਬੀ, ਰਾਜ ਵਿੱਤੀ ਹੱਕ ਆਦਿ ਸ਼ਾਮਲ ਹੋਣ। ਉਸ ਲਈ ਹੋਰ ਵੇਰਵੇ ਦੱਸੋ।) ਆਮ ਆਦਮੀ ਪਾਰਟੀ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਸਿੰਘ ਪੰਨੂ ਵਲੋਂ ਅੱਜ ਇਥੇ ਇਕ ਪੱਤਰਕਾਰ ਸੰਮੇਲਨ ਦੌਰਾਨ ਕੇਂਦਰ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ ਹੋਇਆ ਕਿਹਾ ਕਿ ਕੇਂਦਰ ਸਰਕਾਰ ਵਾਰ-ਵਾਰ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਨ੍ਹਾਂ ਕਿਹਾ ਹੁਣ ਵੀ ਟੇਢੇ ਢੰਗ ਨਾਲ ਪੰਜਾਬ ਦੇ ਪਾਣੀਆਂ ਨੂੰ ਖੋਹਣ ਦਾ ਯਤਨ ਕੀਤਾ ਜਾ ਰਿਹਾ ,ਜਿਸ ਕਰਕੇ ਉਨ੍ਹਾਂ ਵਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪਹਿਲੀ ਵਾਰ ਸਮੁੱਚੇ ਭਾਰਤ ਵਿਚੋਂ ਕਿਤੋਂ ਵੀ ਕੋਈ ਮੈਂਬਰ ਇਸ ਵਿਚ ਲਾਇਆ ਜਾ ਸਕਦਾ ਹੈ ਤੇ ਜਿਸ ਨਾਲ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਨੂੰ ਕਿਸੇ ਵੀ ਸੂਰਤ ਵਿਚ ਪ੍ਰਵਾਨ ਨਹੀਂ ਕਰੇਗੀ ਤੇ ਜੇਕਰ ਉੱਚ ਅਦਾਲਤਾਂ ਦਾ ਦਰਵਾਜ਼ਾ ਖੜਕਾਉਣਾ ਪਿਆ ਤਾਂ ਉਹ ਵੀ ਖੜਕਾਇਆ ਜਾਵੇਗਾ। ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਜਾਣ ਵਾਲੀ ਹਰ ਗੱਲ ਦਾ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਡੱਟ ਕੇ ਵਿਰੋਧ ਕਰੇਗੀ। ਉਨ੍ਹਾਂ ਕਾਂਗਰਸ 'ਚੋਂ ਭਾਰਤੀ ਜਨਤਾ ਪਾਰਟੀ ਵਿਚ ਗਏ ਵੱਡੇ ਨੇਤਾਵਾਂ, ਜਿਨ੍ਹਾਂ ਵਿਚੋਂ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ,ਸੁਨੀਲ ਜਾਖੜ ਅਤੇ ਰਵਨੀਤ ਸਿੰਘ ਬਿੱਟੂ ਆਦਿ ਦਾ ਜ਼ਿਕਰ ਵੀ ਕੀਤਾ ਕਿ ਉਹ ਪੰਜਾਬ ਦੇ ਮਸਲਿਆਂ ਬਾਰੇ ਬਿਲਕੁਲ ਚੁੱਪ ਬੈਠੇ ਹਨ, ਉਨਾਂ ਵਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਾਰੇ ਕੋਈ ਗੱਲ ਨਹੀਂ ਕੀਤੀ ਜਾ ਰਹੀ, ਜੋ ਪੰਜਾਬ ਦੇ ਹੱਕ ਵਿਚ ਜਾਂਦੀ ਹੋਵੇ। ਆਮ ਆਦਮੀ ਪਾਰਟੀ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਸਿੰਘ ਪੰਨੂ ਵਲੋਂ ਅੱਜ ਇਥੇ ਇਕ ਪੱਤਰਕਾਰ ਸੰਮੇਲਨ ਦੌਰਾਨ ਕੇਂਦਰ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ ਹੋਇਆ ਕਿਹਾ ਕਿ ਕੇਂਦਰ ਸਰਕਾਰ ਵਾਰ-ਵਾਰ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਨ੍ਹਾਂ ਕਿਹਾ ਹੁਣ ਵੀ ਟੇਢੇ ਢੰਗ ਨਾਲ ਪੰਜਾਬ ਦੇ ਪਾਣੀਆਂ ਨੂੰ ਖੋਹਣ ਦਾ ਯਤਨ ਕੀਤਾ ਜਾ ਰਿਹਾ ,ਜਿਸ ਕਰਕੇ ਉਨ੍ਹਾਂ ਵਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪਹਿਲੀ ਵਾਰ ਸਮੁੱਚੇ ਭਾਰਤ ਵਿਚੋਂ ਕਿਤੋਂ ਵੀ ਕੋਈ ਮੈਂਬਰ ਇਸ ਵਿਚ ਲਾਇਆ ਜਾ ਸਕਦਾ ਹੈ ਤੇ ਜਿਸ ਨਾਲ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਨੂੰ ਕਿਸੇ ਵੀ ਸੂਰਤ ਵਿਚ ਪ੍ਰਵਾਨ ਨਹੀਂ ਕਰੇਗੀ ਤੇ ਜੇਕਰ ਉੱਚ ਅਦਾਲਤਾਂ ਦਾ ਦਰਵਾਜ਼ਾ ਖੜਕਾਉਣਾ ਪਿਆ ਤਾਂ ਉਹ ਵੀ ਖੜਕਾਇਆ ਜਾਵੇਗਾ। ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਜਾਣ ਵਾਲੀ ਹਰ ਗੱਲ ਦਾ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਡੱਟ ਕੇ ਵਿਰੋਧ ਕਰੇਗੀ। ਉਨ੍ਹਾਂ ਕਾਂਗਰਸ 'ਚੋਂ ਭਾਰਤੀ ਜਨਤਾ ਪਾਰਟੀ ਵਿਚ ਗਏ ਵੱਡੇ ਨੇਤਾਵਾਂ, ਜਿਨ੍ਹਾਂ ਵਿਚੋਂ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ,ਸੁਨੀਲ ਜਾਖੜ ਅਤੇ ਰਵਨੀਤ ਸਿੰਘ ਬਿੱਟੂ ਆਦਿ ਦਾ ਜ਼ਿਕਰ ਵੀ ਕੀਤਾ ਕਿ ਉਹ ਪੰਜਾਬ ਦੇ ਮਸਲਿਆਂ ਬਾਰੇ ਬਿਲਕੁਲ ਚੁੱਪ ਬੈਠੇ ਹਨ, ਉਨਾਂ ਵਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬਾਰੇ ਕੋਈ ਗੱਲ ਨਹੀਂ ਕੀਤੀ ਜਾ ਰਹੀ, ਜੋ ਪੰਜਾਬ ਦੇ ਹੱਕ ਵਿਚ ਜਾਂਦੀ ਹੋਵੇ।ਆਮ ਆਦਮੀ ਪਾਰਟੀ ਦੇ ਸੂਬਾ ਮੀਡੀਆ ਇੰਚਾਰਜ ਬਲਤੇਜ ਸਿੰਘ ਪੰਨੂ ਵਲੋਂ ਅੱਜ ਇਥੇ ਇਕ ਪੱਤਰਕਾਰ ਸੰਮੇਲਨ ਦੌਰਾਨ ਕੇਂਦਰ ਸਰਕਾਰ ਨੂੰ ਕਰੜੇ ਹੱਥੀ ਲੈਂਦਿਆਂ ਹੋਇਆ ਕਿਹਾ ਕਿ ਕੇਂਦਰ ਸਰਕਾਰ ਵਾਰ-ਵਾਰ ਪੰਜਾਬ ਦੇ ਹੱਕਾਂ 'ਤੇ ਡਾਕਾ ਮਾਰ ਰਹੀ ਹੈ। ਉਨ੍ਹਾਂ ਕਿਹਾ ਹੁਣ ਵੀ ਟੇਢੇ ਢੰਗ ਨਾਲ ਪੰਜਾਬ ਦੇ ਪਾਣੀਆਂ ਨੂੰ ਖੋਹਣ ਦਾ ਯਤਨ ਕੀਤਾ ਜਾ ਰਿਹਾ ,ਜਿਸ ਕਰਕੇ ਉਨ੍ਹਾਂ ਵਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਵਿਚ ਪਹਿਲੀ ਵਾਰ ਸਮੁੱਚੇ ਭਾਰਤ ਵਿਚੋਂ ਕਿਤੋਂ ਵੀ ਕੋਈ ਮੈਂਬਰ ਇਸ ਵਿਚ ਲਾਇਆ ਜਾ ਸਕਦਾ ਹੈ ਤੇ ਜਿਸ ਨਾਲ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਨੂੰ ਕਿਸੇ ਵੀ ਸੂਰਤ ਵਿਚ ਪ੍ਰਵਾਨ ਨਹੀਂ ਕਰੇਗੀ ਤੇ ਜੇਕਰ ਉੱਚ ਅਦਾਲਤਾਂ ਦਾ ਦਰਵਾਜ਼ਾ ਖੜਕਾਉਣਾ ਪਿਆ ਤਾਂ ਉਹ ਵੀ ਖੜਕਾਇਆ ਜਾਵੇਗਾ। ਬਲਤੇਜ ਸਿੰਘ ਪੰਨੂ ਨੇ ਕਿਹਾ ਕਿ ਪੰਜਾਬ ਦੇ ਹਿੱਤਾਂ ਦੇ ਵਿਰੁੱਧ ਜਾਣ ਵਾਲੀ ਹਰ ਗੱਲ ਦਾ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਡੱਟ ਕੇ ਵਿਰੋਧ ਕਰੇਗੀ।




ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐੱਮਬੀ) ਨਾਲ ਜੁੜੀਆਂ ਮੁੱਦਿਆਂ 'ਤੇ ਚਰਚਾ ਕਰਦਿਆਂ

# ਹੱਕਾਂ ਦੇ ਲਈ ਲੜੋ..




ਹੱਕਾਂ ਦੇ ਲਈ ਲੜੋ..
ਲੜ ਨਹੀਂ ਸਕਦੇ ਤਾਂ ਲਿਖੋ,
ਲਿਖ ਨਹੀਂ ਸਕਦੇ ਤਾਂ ਬੋਲੋ।
ਬੋਲ ਨਹੀਂ ਸਕਦੇ ਤਾਂ ਸਾਥ ਦਿਓ।
ਸਾਥ ਵੀ ਨਹੀਂ ਦੇ ਸਕਦੇ ਤਾਂ
ਜੋ ਲਿਖ, ਬੋਲ ਰਿਹਾ ਹੈ..
ਉਸਦੀ ਡੱਟਵੀਂ ਮੱਦਦ ਕਰੋ।
ਸੰਘਰਸ਼ ਲਈ ਉਸਦੀ ਤਾਕਤ ਬਣੋ
ਇਹ ਵੀ ਨਹੀਂ ਕਰ ਸਕਦੇ ਤਾਂ
ਘੱਟੋ-ਘੱਟ ਉਸਦਾ ਮਨੋਬਲ ਨਾ ਤੋੜੋ
ਕਿਉਂਕਿ ਕਿਤੇ ਨਾ ਕਿਤੇ
ਤੁਹਾਡੇ ਹਿੱਸੇ ਦੀ ਲੜਾਈ ਵੀ
ਉਹ ਲੜ ਰਿਹਾ ਹੈ.. !!
~ਅਗਿਆਤ
ਜਨਮ ਦਿਨ ਮੁਬਾਰਕ
ਬਾਬਾ ਸਾਹਬ ਡਾ. ਬੀ.ਆਰ.ਅੰਬੇਡਕਰ ਜੀ
ਪੜ੍ਹੋ..ਜੁੜੋ.. ਸੰਘਰਸ਼ ਕਰੋ

# ਇੱਕ ਢੰਗ ਇਹ ਵੀ ਹੈ ਜ਼ਿੰਦਗੀ ਜਿਊਣ ਦਾ ....(ਪੰਜਾਬੀਕਰਣ :ਹਰਜੋਤ ਸਿੰਘ )



ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਮਜ਼ਬੂਤ ਬਣਾਉਣ ਲਈ ਕੋਸ਼ਿਸ਼ ਕਰੋ ਬਜਾਏ ਇਸਦੇ ਕਿ ਲੁਭਾਉਣ ਦੀ ਖਾਤਰ ਸਾਰਾ ਸਮਾਂ ਬਨਾਉਟੀ ਸਰੀਰਕ ਸੁੰਦਰਤਾ ਉਭਾਰਨ ਲਈ ਲਗਾ ਦੇਵੋਂ...

ਮਾਨਸਿਕ ਮਜ਼ਬੂਤੀ ਹੀ ਮੰਜ਼ਿਲ ਛੋਹਣ ਲਈ ਪਹਿਲੀ ਜਰੂਰਤ ਹੈ ਤੇ ਸਰੀਰਕ ਖੂਬਸੂਰਤੀ ਵੀ ਉਦੋਂ ਹੀ ਬਰਕਰਾਰ ਰਹੇਗੀ ਜੇਕਰ ਮਾਨਸਿਕ ਤੌਰ ਤੇ ਮਜਬੂਤ ਹੋਵੋਗੇ।

ਉਲਝਣਾਂ ਨੂੰ ਸਹੀ ਤਰੀਕੇ ਨਾਲ ਨਾ ਸੁਲਝਾ ਸਕਣ ਨਾਲ ਇਨਸਾਨ ਛੇਤੀ ਬੁੱਢਾ ਹੁੰਦਾ ਹੈ ਤੇ ਬਿਮਾਰ ਵੀ....

ਆਪਣੇ ਆਪ ਨੂੰ ਵੱਧ ਤੋਂ ਵੱਧ ਸਿੱਖਿਅਤ ਕਰੋ, ਮੁੜ ਮੁੜ ਦਿਮਾਗ ਵਿੱਚ ਆਉਂਦੇ ਜ਼ਹਿਰੀਲੇ ਵਿਚਾਰਾਂ ਦਾ ਸਾਹਮਣਾ ਕਰੋ, ਆਪਣੇ ਡਰਾਂ ਨਾਲ ਮਜ਼ਬੂਤੀ ਨਾਲ ਨਜਿੱਠੋ ਅਤੇ ਆਪਣੇ ਆਪ ਵਿੱਚ ਖੁਸ਼ ਰਹਿਣਾ ਸਿੱਖੋ।

ਇਹ ਸ਼ਖ਼ਸੀਅਤ ਵਿੱਚ ਖਿੱਚ ਦਾ ਬਿੰਦੂ ਹੁੰਦਾ ਹੈ।

ਆਪਣੇ ਆਪ ਨੂੰ ਬੁਰਾ ਮਹਿਸੂਸ ਕਰਵਾਏ ਬਿਨਾਂ "ਨਾਂਹ" ਕਹਿਣਾ ਸਿੱਖੋ। ਜੇਕਰ ਕੋਈ ਤੁਹਾਡੇ ਇਸ ਨਜ਼ਰੀਏ ਤੋਂ ਨਾਰਾਜ਼ ਹੁੰਦਾ ਹੈ ਤਾਂ ਇਹ ਉਸਦੀ ਸਮੱਸਿਆ ਹੈ, ਤੁਹਾਡੀ ਨਹੀਂ। ਸਭ ਤੋਂ ਵਧੀਆ ਬੋਝ ਜੋ ਤੁਸੀਂ ਢੋਣਾ ਬੰਦ ਕਰ ਸਕਦੇ ਹੋ ਉਹ ਹੈ ਤੁਹਾਡੇ ਬਾਰੇ ਹੋਰ ਲੋਕਾਂ ਦੀ ਸੋਚ ਦਾ ਬੋਝ।

#HarjotDiKalam

ਹੋਰ ਲੋਕਾਂ ਦੀ "ਇਹ ਮਜ਼ੇਦਾਰ ਹੈ " ਦੀ ਪਰਿਭਾਸ਼ਾ ਨੂੰ ਅੱਖਾਂ ਬੰਦ ਕਰਕੇ ਨਾ ਮੰਨੋ।

ਹਰੇਕ ਲਈ ਮਜ਼ੇ ਦਾ ਮਤਲਬ ਸ਼ਰਾਬ ਪੀਣਾ, ਸਿਗਰਟ ਪੀਣਾ, ਪਾਰਟੀ ਕਰਨਾ, ਵਨ ਨਾਈਟ ਸਟੈਂਡ , ਬੁਆਏਫਰੈਂਡ ਜਾਂ ਗਰਲ਼ਫਰੈਂਡ ਦਾ ਹੋਣਾ ਅਤੇ ਹਰ ਇੱਕ ਨਾਲ ਉੱਠਕੇ ਤੁਰ ਪੈਣਾ ਨਹੀਂ ਹੈ।

ਮਜ਼ੇਦਾਰ ਰਾਤ ਨੂੰ ਇਕੱਲੇ ਰਹਿਣਾ ਵੀ , ਕਿਤਾਬ ਵਿਚ ਗੁਆਚ ਜਾਣਾ ਵੀ ਹੋ ਸਕਦਾ, ਲੰਮੀਆਂ ਗੱਲਾਂ ਰਾਤ ਭਰ ਦੀਆਂ, ਵੀ ਹੋ ਸਕਦਾ, ਸੈਰ ਕਰਨਾ, ਕਿਸੇ ਕਲਾ ਵਿੱਚ ਉਲਝਣਾ, ਸੰਗੀਤ ਸੁਣਨਾ ਜਾਂ ਆਪਣੇ ਕੰਮ ਨਾਲ ਮਤਲਬ ਰੱਖਣਾ ਵੀ ਹੋ ਸਕਦਾ ਹੈ।

ਮਜ਼ਾ ਤੁਹਾਡਾ ਹੈ; ਤੁਸੀਂ ਇਸਨੂੰ ਪਰਿਭਾਸ਼ਿਤ ਕਰੋ.

ਅੱਜਕਲ੍ਹ ਵਿਆਹ ਤੋਂ ਪਹਿਲਾਂ,

ਖਰਚਿਆਂ ਬਾਰੇ, ਰਹਿਣ ਸਹਿਣ ਦੇ ਢੰਗ ਬਾਰੇ, ਕਰਜ਼ੇ ਬਾਰੇ ,ਪਰਿਵਾਰ ਬਾਰੇ , ਬੱਚਿਆਂ ਦੀ ਸਿੱਖਿਆ ਬਾਰੇ, ਬਚਪਨ ਦੇ ਸਦਮਿਆਂ ਬਾਰੇ, ਸੈਕਸ ਵਿੱਚ ਉਮੀਦਾਂ ਬਾਰੇ, ਇੱਕ ਦੂਸਰੇ ਦੇ ਸੁਪਨਿਆਂ ਬਾਰੇ, ਤਨਖਾਹਾਂ ਬਾਰੇ, ਪਰਿਵਾਰ ਦੀ ਮੈਡੀਕਲ ਹਿਸਟਰੀ ਬਾਰੇ, ਖਰਦੀਦਾਰੀ ਬਾਰੇ, ਸੁਪਨਿਆਂ ਦਾ ਘਰ ਬਣਾਉਣ ਬਾਰੇ ਕਰੀਅਰ ਅਤੇ ਸਿੱਖਿਆ ਬਾਰੇ ਚਰਚਾ ਕਰੋ , ਰਾਜਨੀਤਿਕ ਪਸੰਦਗੀ ਨਾ ਪਸੰਦਗੀ ਬਾਰੇ ਵੀ ਅਤੇ ਹੋਰ ਵੀ ਮਨ ਵਿੱਚ ਆਉਂਦਾ ਹੈ।

ਅੱਜ ਦੇ ਸਮੇਂ ਵਿੱਚ ਸਫ਼ਲ ਵਿਆਹ ਲਈ ਸਿਰਫ਼ ਪਿਆਰ ਹੀ ਕਾਫ਼ੀ ਨਹੀਂ ਹੈ। ਬਾਅਦ ਵਿੱਚ ਹੋਰਾਂ ਦੇ ਮੋਢਿਆਂ ਤੇ ਸਿਰ ਰੱਖਕੇ ਸੌਣ ਨਾਲੋਂ ਇਹ ਪਹਿਲਾਂ ਹੀ ਵਿਚਾਰੋ।

15-40 ਸਾਲ ਦੀ ਉਮਰ ਤੁਹਾਡੇ ਜੀਵਨ ਦਾ ਸੁਨਹਿਰੀ ਯੁੱਗ ਹੈ। ਤੁਸੀਂ ਦੋਸਤੀ ਕਰੋ, ਉਹਨਾਂ ਨੂੰ ਵੀ ਗੁਆ ਸਕਦੇ ਹੋ. ਤੁਸੀਂ ਗਲਤੀਆਂ ਕਰਦੇ ਹੋ, ਉਨ੍ਹਾਂ ਨੂੰ ਵੀ ਸੁਧਾਰ ਸਕਦੇ ਹੋ।. ਤੁਸੀਂ ਡਿੱਗਦੇ ਹੋ, ਤੁਸੀਂ ਅਸਫਲ ਹੋ ਜਾਂਦੇ ਹੋ, ਤੁਸੀਂ ਸਿੱਖਦੇ ਹੋ, ਤੁਹਾਨੂੰ ਅਹਿਸਾਸ ਹੁੰਦਾ ਹੈ, ਤੁਸੀਂ ਅਸਲੀਅਤ ਲੱਭਦੇ ਹੋ।, ਤੁਸੀਂ ਪਿਆਰ ਕਰਦੇ ਹੋ, ਬ੍ਰੇਕਅੱਪ ਹੁੰਦਾ ਹੈ। ਤੁਸੀਂ ਟੁੱਟ ਵੀ ਜਾਂਦੇ ਹੋ ਪਰ ਅੰਤ ਵਿੱਚ ਤੁਸੀਂ ਮਜ਼ਬੂਤ ਹੋ ਕੇ ਨਿਕਲਦੇ ਹੋ।

ਯਾਦ ਰੱਖਣਾ! ਇਹ ਤੁਹਾਡੀ ਜ਼ਿੰਦਗੀ ਦੇ ਸਭ ਤੋਂ ਵਧੀਆ ਸਾਲ ਹਨ। ਤੁਹਾਨੂੰ ਇਸਦਾ ਆਨੰਦ ਲੈਣ ਅਤੇ ਇਸਨੂੰ ਬਰਬਾਦ ਕਰਨ ਵਿੱਚ ਅੰਤਰ ਸਮਝਣਾ ਚਾਹੀਦਾ ਹੈ। ਇਹ ਉਮਰ ਤੁਹਾਡੀ ਬਾਕੀ ਰਹਿੰਦੀ ਜ਼ਿੰਦਗੀ ਦੇ ਸਫ਼ਰ ਲਈ ਵੀ ਧੁਰੀ ਹਨ।

ਪੰਜਾਬੀਕਰਣ :ਹਰਜੋਤ ਸਿੰਘ
70094 52602

## ਸਮੱਸਿਆ ਨੂੰ ਵੇਖ ਕੇ ਭੱਜਣ ਨਾਲ ਸਮੱਸਿਆ ਵਧੇਗੀ ਅਤੇ ਜੇਕਰ ਇਸਦਾ ਸਾਹਮਣਾ ਕਰੋਗੇ ਤਾਂ ਇਹ ਖਤਮ ਹੋਵੇਗੀ



ਸਮੱਸਿਆ ਨੂੰ ਵੇਖ ਕੇ ਭੱਜਣ ਨਾਲ ਸਮੱਸਿਆ ਵਧੇਗੀ ਅਤੇ ਜੇਕਰ ਇਸਦਾ ਸਾਹਮਣਾ ਕਰੋਗੇ ਤਾਂ ਇਹ ਖਤਮ ਹੋਵੇਗੀ।

ਸਾਡੀ ਜਿਆਦਾਤਰ ਦੀ ਸੋਚ ਇਹੋ ਹੁੰਦੀ ਅਸੀਂ ਛੋਟੀ ਜਿਹੀ ਸਮੱਸਿਆ ਨੂੰ ਪਹਾੜ ਬਣਾਕੇ ਬੈਠ ਜਾਂਦੇ ਹਾਂ ਅਤੇ ਇਸ ਤੋਂ ਡਰਕੇ ਭੱਜਣ ਲੱਗ ਪੈਂਦੇ ਹਾਂ ਜਦਕਿ ਅੱਖਾਂ ਚੁਰਾਉਣ ਨਾਲ ਜਾਂ ਭੱਜਣ ਲੁੱਕਣ ਨਾਲ ਉਸ ਸਮੱਸਿਆ ਤੋਂ ਬਚਿਆ ਨਹੀਂ ਜਾ ਸਕਦਾ ,ਜਿਸ ਛੋਟੀ ਸਮੱਸਿਆ ਤੋਂ ਅਸੀਂ ਅੱਜ ਭੱਜ ਕੇ ਜਾਨ ਛੁਡਾਉਣ ਦੇ ਚੱਕਰ ਵਿੱਚ ਹਾਂ ਜਿੰਨੀ ਦੇਰ ਅਸੀਂ ਉਸਦਾ ਸਾਹਮਣਾ ਨਹੀਂ ਕਰਦੇ ਹੱਲ ਨਹੀਂ ਲੱਭਦੇ ਓਨੀ ਦੇਰ ਇਹ ਭੁੱਲ ਜਾਓ ਕਿ ਉਹ ਘੱਟ ਜਾਵੇਗੀ ਓਹ ਸਗੋਂ ਵੱਧੇਗੀ । ਸੋ ਕਿਸੇ ਵੀ ਸਮੱਸਿਆ ਦਾ ਹੱਲ ਭੱਜਣਾ ਨਹੀਂ ,ਸਾਹਮਣਾ ਕਰਨਾ ਅਤੇ ਸਮਝਦਾਰੀ ਨਾਲ ਹੱਲ ਕੱਢਣਾ ਹੈ।✍️ਹਰਵਿੰਦਰ ਕੌਰ ਕਾਹਲੋਂ

# ਅਕਸਰ ਅਸੀਂ ਅਧਿਆਪਕਾਂ ਨੂੰ ਦੋਸ਼ ਦਿੰਦੇ ਹਾਂ ਕਿ ਉਹ ਬੱਚਿਆਂ ਪ੍ਰਤੀ ਅਵੇਸਲੇ ਹੋਏ ਹਨ



ਅਕਸਰ ਅਸੀਂ ਅਧਿਆਪਕਾਂ ਨੂੰ ਦੋਸ਼ ਦਿੰਦੇ ਹਾਂ ਕਿ ਉਹ ਬੱਚਿਆਂ ਪ੍ਰਤੀ ਅਵੇਸਲੇ ਹੋਏ ਹਨ। ਜਦੋਂ ਕਦੇ ਵੀ ਸਮਾਜਿਕ ਹਾਲਾਤ ਦੀ ਗੱਲ ਚੱਲਦੀ ਹੈ ਤਾਂ ਪਹਿਲੀ ਉਲੀ ਅਧਿਆਪਕਾਂ ਵੱਲ ਉੱਠਦੀ ਹੈ ਕਿਉਂਕਿ ਵਿਦਿਆਰਥੀ ਜੀਵਨ ਵਿੱਚ ਹੀ ਅਨੁਸ਼ਾਸਨ ਸਿੱਖਿਆ ਜਾਂਦਾ ਹੈ। ਪਰ ਕੀ ਇਕੱਲਾ ਅਧਿਆਪਕ ਇਸ ਲਈ ਜਿੰਮੇਵਾਰ ਹੈ?

ਸਕੂਲ ਵਿੱਚ ਦਾਖਲੇ ਚੱਲ ਰਹੇ ਹਨ। ਇੱਕ ਬੰਦਾ ਆਪਣੇ ਬੱਚੇ ਨੂੰ ਕਹਿੰਦਾ ਜਾ ਰਿਹਾ ਸੀ ਕਿ ਇਹਦੀ ਜਮਾਤ ਵਿੱਚ ਹੱਥ ਮਾਰ ਕੇ ਵਾਲ ਸਿੱਧੇ ਕਰ ਲਿਆ ਕਰ। ਗੱਲ ਸੁਣਨ ਨੂੰ ਬਹੁਤ ਹੀ ਅਜੀਬ ਲੱਗੀ। ਮੈਂ ਇਹਨਾਂ ਨੂੰ ਰੋਕ ਕੇ ਪੁੱਛਿਆ ਕਿ ਇਹ ਤੁਹਾਡਾ ਬੱਚਾ ਹੈ? ਜਵਾਬ ਮਿਲਿਆ ਹਾਂਜੀ। ਮੈਂ ਫਿਰ ਪੁੱਛਿਆ ਕਿ ਇਸ ਨੂੰ ਤੁਸੀਂ ਇਹ ਕੀ ਕਹਿ ਰਹੇ ਸੀ? ਬੰਦਾ ਸ਼ਰਮਿੰਦਾ ਜਿਹਾ ਹੋ ਗਿਆ। ਬੱਚੇ ਨੂੰ ਉਸਦਾ ਨਾਮ ਤੇ ਜਮਾਤ ਇੰਚਾਰਜ ਬਾਰੇ ਪੁੱਛਿਆ। ਪਤਾ ਲੱਗਾ ਕਿ ਜਮਾਤ ਇੰਚਾਰਜ ਨੇ ਪਿਤਾ ਨੂੰ ਇਹ ਕਿਹਾ ਸੀ ਕਿ ਇਸ ਦੇ ਵਾਲ ਵੇਖੋ ਕਿ ਇਸ ਤਰ੍ਹਾਂ ਸਕੂਲ ਆਇਆ ਜਾਂਦਾ ਹੈ? ਇਹ ਵਾਰ ਵਾਰ ਕਹਿਣ ਤੇ ਵੀ ਆਪਣੇ ਵਾਲ ਠੀਕ ਨਹੀਂ ਕਰਦਾ। ਉਸਨੇ ਉੱਚੇ ਕਰਕੇ ਵਾਲ ਸੈੱਟ ਕੀਤੇ ਹੋਏ ਸਨ। ਮੈਂ ਪਿਤਾ ਨੂੰ ਪੁੱਛਿਆ ਕਿ ਤੁਸੀਂ ਇਸਨੂੰ ਕਹਿ ਰਹੇ ਹੋ ਸਿਰਫ ਇਸ ਅਧਿਆਪਕ ਦੀ ਜਮਾਤ ਵਿੱਚ ਜਿਸਨੇ ਟੋਕਿਆ ਹੈ ਹੱਥ ਮਾਰ ਕੇ ਵਾਲ ਸਿੱਧੇ ਕਰ ਲਿਆ ਕਰ। ਕਹਿੰਦੇ ਹਾਂਜੀ। ਮੈਂ ਉਹਨਾਂ ਨੂੰ ਪੁੱਛਿਆ ਕਿ ਕੀ ਸਿਰਫ ਸਾਡੇ ਸਮਝਾਉਣ ਨਾਲ ਇਹ ਬੱਚਾ ਸਮਝ ਜਾਵੇਗਾ। ਜਦੋਂ ਤੁਸੀਂ ਉਸਨੂੰ ਗਲਤ ਕੰਮ ਦੀ ਸ਼ਹਿ ਦੇ ਰਹੇ ਹੋ! ਅਸੀਂ ਤਾਂ ਪੰਜ ਸਾਲ ਕੱਢ ਲਵਾਂਗੇ ਇਸ ਬੱਚੇ ਨਾਲ ਖਪ ਕੇ ਵੀ। ਤੁਸੀਂ ਸਾਰੀ ਜ਼ਿੰਦਗੀ ਬਿਤਾਉਣੀ ਹੈ। ਤੁਸੀਂ ਇਸ ਨੂੰ ਜੋ ਸਿੱਖਿਆ ਦੇ ਰਹੇ ਹੋ ਉਹ ਅਧਿਆਪਕ ਦੇ ਵਿਰੁੱਧ ਇਸ ਨੂੰ ਖੜ੍ਹਾ ਕਰਦੀ ਹੈ। ਤੁਸੀਂ ਅਧਿਆਪਕ ਨੂੰ ਗਲਤ ਸਾਬਿਤ ਕਰ ਰਹੇ ਹੋ। ਕਹਿੰਦਾ ਜੀ ਗਲਤੀ ਹੋ ਗਈ।

ਇਕ ਨਿੱਕੀ ਜਿਹੀ ਉਤਾਰਨ ਹੈ ਅਜਿਹੀਆਂ ਬਹੁਤ ਸਾਰੀਆਂ ਗੱਲਾਂ ਹਨ। ਜਦੋਂ ਮਾਂ ਬਾਪ ਅਧਿਆਪਕ ਦੀ ਇੱਜ਼ਤ ਨਹੀਂ ਕਰਦੇ। ਅਧਿਆਪਕ ਦੇ ਸਹੀ ਗੱਲ ਸਮਝਾਉਣ ਤੇ ਬੱਚੇ ਨੂੰ ਪੁੱਠੀ ਸ਼ਹਿ ਦਿੰਦੇ ਹਨ ਤਾਂ ਅਧਿਆਪਕ ਵਿਚਾਰਾ ਕੀ ਕਰੇ? ਇਸ ਲਈ ਸਾਡਾ ਸਮਾਜ ਪਤਨ ਵੱਲ ਜਾ ਰਿਹਾ ਹੈ।

ਬੱਚੇ ਦੀ ਪਰਵਰਿਸ਼ ਤੇ ਸਿੱਖਿਆ ਵਿੱਚ ਪਰਿਵਾਰ ਦਾ ਸਭ ਤੋਂ ਵੱਡਾ ਹੱਥ ਹੈ। ਅਧਿਆਪਕ ਮਾਪੇ ਤੇ ਬੱਚਾ ਜੇ ਤਿੰਨੇ ਮਿਲ ਕੇ ਚੱਲਣਗੇ ਤਾਂ ਹੀ ਕੁਝ ਹੋ ਸਕੇਗਾ।

ਪਰ ਮਾਪੇ ਤਾਂ ਅਧਿਆਪਕ ਨੂੰ ਗਲਤ ਸਾਬਿਤ ਕਰਨ ਤੇ ਤੁਲੇ ਹੋਏ ਹਨ।

ਹੁਣ ਦੱਸੋ ਅਧਿਆਪਕ ਵਿਚਾਰਾ ਕੀ ਕਰੇ??

## ਸਾਹਿਤ ਬੱਚਿਆਂ ਨੂੰ ਪੈਸੇ ਦੀ ਸਹੀ ਵਰਤੋਂ ਸਿਖਾਉਣ ਵਿੱਚ ਮਦਦ, ਪੂਰੀ ਨਿਗਰਾਨੀ ਤੁਹਾਡੇ ਕੋਲ ਰਹਿੰਦੀ ਹੈ

# ਇਹ ਸਕ੍ਰੀਨ ਸ਼ੋਟ Google Pay ਦੇ UPI Circle ਫੀਚਰ ਬਾਰੇ ਹੈ, ਆਓ ਇਸਨੂੰ ਚੰਗੀ ਤਰ੍ਹਾਂ ਸਮਝੀਏ

ਇਹ ਸਕ੍ਰੀਨ ਸ਼ੋਟ Google Pay ਦੇ UPI Circle ਫੀਚਰ ਬਾਰੇ ਹੈ। ਆਓ ਇਸਨੂੰ ਚੰਗੀ ਤਰ੍ਹਾਂ ਸਮਝੀਏ:

🔵 UPI Circle ਕੀ ਹੈ?

UPI Circle ਇੱਕ ਐਸਾ ਫੀਚਰ ਹੈ ਜਿਸ ਨਾਲ ਤੁਸੀਂ ਆਪਣੇ ਪਰਿਵਾਰ ਜਾਂ ਕਰੀਬੀ ਲੋਕਾਂ ਨੂੰ ਆਪਣੇ ਬੈਂਕ ਖਾਤੇ ਰਾਹੀਂ ਪੈਸੇ ਖਰਚਣ ਦੀ ਇਜਾਜ਼ਤ ਦੇ ਸਕਦੇ ਹੋ—ਜਿਵੇਂ ਕਿ ਬੱਚਿਆਂ ਨੂੰ pocket money ਦੇਣਾ।

💰 Pocket money goes digital (ਖਰਚ ਪੈਸਾ ਹੁਣ ਡਿਜਿਟਲ)

ਤੁਸੀਂ ਆਪਣੇ ਘਰ ਦੇ ਮੈਂਬਰਾਂ ਨੂੰ Google Pay ਐਪ ਡਾਊਨਲੋਡ ਕਰਨ ਲਈ ਕਹਿ ਸਕਦੇ ਹੋ।

ਉਹ ਤੁਹਾਡੇ ਬੈਂਕ ਖਾਤੇ ਨਾਲ ਜੁੜ ਕੇ ਡਿਜਿਟਲ ਤਰੀਕੇ ਨਾਲ ਪੈਸੇ ਖਰਚ ਸਕਦੇ ਹਨ।

📊 You decide a monthly limit (ਤੁਸੀਂ ਹੱਦ ਤੈਅ ਕਰਦੇ ਹੋ)

ਤੁਸੀਂ ਹਰ ਮਹੀਨੇ ਲਈ ਇੱਕ ਲਿਮਿਟ (ਹੱਦ) ਤੈਅ ਕਰ ਸਕਦੇ ਹੋ।

ਉਹ ਵਿਅਕਤੀ ਉਸ ਲਿਮਿਟ ਦੇ ਅੰਦਰ ਰਹਿ ਕੇ ਹੀ ਪੈਸੇ ਖਰਚ ਕਰ ਸਕਦਾ ਹੈ।

ਹਰ ਟ੍ਰਾਂਜ਼ੈਕਸ਼ਨ ਦੀ ਤੁਹਾਨੂੰ ਤੁਰੰਤ ਸੂਚਨਾ (notification) ਮਿਲੇਗੀ।

🛍️ They can pay independently (ਉਹ ਆਪਣੇ ਆਪ ਭੁਗਤਾਨ ਕਰ ਸਕਦੇ ਹਨ)

ਉਹ QR ਕੋਡ ਸਕੈਨ ਕਰਕੇ ਦੁਕਾਨਾਂ, ਕੈਫੇ ਆਦਿ 'ਤੇ ਭੁਗਤਾਨ ਕਰ ਸਕਦੇ ਹਨ।

ਜਾਂ ਕਿਸੇ ਨੂੰ ਸਿੱਧੇ ਪੈਸੇ ਭੇਜ ਸਕਦੇ ਹਨ।

ਇਹ ਸਭ ਤੁਹਾਡੇ ਬੈਂਕ ਖਾਤੇ ਤੋਂ ਹੋਵੇਗਾ, ਪਰ ਤੁਹਾਡੀ ਨਿਗਰਾਨੀ ਵਿੱਚ।

🔘 Buttons ਦਾ ਮਤਲਬ:

Set up pocket money on UPI Circle → ਤੁਸੀਂ ਖੁਦ ਇਹ ਸੈੱਟ ਕਰ ਸਕਦੇ ਹੋ।

Request someone to set up → ਤੁਸੀਂ ਕਿਸੇ ਹੋਰ ਨੂੰ ਕਹਿ ਸਕਦੇ ਹੋ ਕਿ ਉਹ ਤੁਹਾਡੇ ਲਈ ਇਹ ਸੈੱਟ ਕਰੇ।

👍 ਫਾਇਦੇ:

ਬੱਚਿਆਂ ਨੂੰ ਪੈਸੇ ਦੀ ਸਹੀ ਵਰਤੋਂ ਸਿਖਾਉਣ ਵਿੱਚ ਮਦਦ।

ਪੂਰੀ ਨਿਗਰਾਨੀ ਤੁਹਾਡੇ ਕੋਲ ਰਹਿੰਦੀ ਹੈ।

ਕੈਸ਼ ਦੀ ਲੋੜ ਨਹੀਂ ਪੈਂਦੀ।



# ਸੰਯੁਕਤ ਕਿਸਾਨ ਮੋਰਚਾ ਦਾ ਵਫਦ ਖੰਡ ਮਿੱਲ ਸ਼ੇਰੋਂ ਦੀ ਮਾਲਕੀ ਬਦਲਣ ਵਿਰੁੱਧ ਰਿਕਾਰਡ ਸੰਬੰਧੀ ਵਫਦ ਡਿਪਟੀ ਕਮਿਸ਼ਨਰ ਨੂੰ ਮਿਲਿਆ



ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਮੰਡੀਆਂ ਵਿੱਚ ਕਣਕ ਦੀ ਖਰੀਦ ਜਲਦ ਸ਼ੁਰੂ ਹੋਣ ਦਾ ਭਰੋਸਾ ਦਿੱਤਾ |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨ ਤਾਰਨ:15 ਅਪ੍ਰੈਲ

ਸੰਯੁਕਤ ਕਿਸਾਨ ਮੋਰਚਾ ਤਰਨ ਤਾਰਨ ਦਾ ਇੱਕ ਵਫਦ ਮਨਜੀਤ ਸਿੰਘ ਬੱਗੂ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਤਰਨ ਤਾਰਨ ਨੂੰ ਮਿਲਿਆ। ਇਸ ਮੌਕੇ ਦੇ ਵਫਦ ਵੱਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਅੱਜ ਮੁੱਖ ਰੂਪ ਵਿੱਚ ਸਹਿਕਾਰੀ ਖੰਡ ਮਿੱਲ ਸ਼ੇਰੋ ਦੀ ਸ਼ੁਰੂਆਤ ਹੀ ਨੋਟੀਫਿਕੇਸ਼ਨ ਦੀ ਕਾਪੀ ਸਬੰਧੀ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਕਿ ਏ ਰਿਕਾਰਡ ਕੋਈ ਵੀ ਅਧਿਕਾਰੀ ਦੇਣ ਨੂੰ ਤਿਆਰ ਨਹੀਂ ਹੈ ਜਦ ਕਿ ਕਿਸੇ ਕਿਸਮ ਦਾ ਵੀ ਰਿਕਾਰਡ ਕੋਈ ਵੀ ਨਾਗਰਿਕ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਸਬੰਧੀ ਡਿਪਟੀ ਕਮਿਸ਼ਨਰ ਵੱਲੋਂ ਵਫਦ ਵੱਲੋਂ ਚੁੱਕੇ ਗਏ ਇਸ ਮਾਮਲੇ ਸਬੰਧੀ ਭਰੋਸਾ ਦਵਾਇਆ ਕਿ ਜਲਦੀ ਹੀ ਨੋਟੀਫਿਕੇਸ਼ਨ ਦੀ ਕਾਪੀ ਅਤੇ ਸਬੰਧਤ ਰਿਕਾਰਡ ਜਿਸ ਜਥੇਬੰਦੀ ਨੂੰ ਮੁਹਈਆ ਕਰਵਾਇਆ ਜਾਏਗਾ। ਉਨ੍ਹਾਂ ਕਿਹਾ ਕਿ ਇਸ ਤੋਂ ਬਿਨਾਂ ਸ਼ੇਰੋ ਢੋਟੀਆਂ ਜਾਮਾਰਾਏ ਵਾਲੀ ਸੜਕ ਦੀ ਮਾੜੀ ਹਾਲਤ ਬਾਰੇ ਚਰਚਾ ਕੀਤੀ ਗਈ । ਰਸੂਲਪੁਰ ਤੋਂ ਪੱਟੀ ਰੋਡ ਨੂੰ ਪਿੱਦੀ ਪਿੰਡ ਲਾਗੇ ਟੁੱਟੀ ਸੜਕ ਬਾਰੇ ਡੀਸੀ ਸਾਹਿਬ ਦੇ ਧਿਆਨ ਵਿੱਚ ਲਿਆਂਦਾ ਗਿਆ ।ਉਨ੍ਹਾਂ ਕਿਹਾ ਕਿ ਇਹ ਦੋਵੇਂ ਹੀ ਸੜਕਾਂ ਨਵੀਆਂ ਬਣਨਗੀਆਂ। ਮੰਡੀਆਂ ਵਿੱਚ ਕਣਕ ਦੀ ਭਰਾਈ ਨਾ ਹੋਣ ਸਬੰਧੀ ਜਦੋਂ ਮੁੱਦਾ ਉਠਾਇਆ ਗਿਆ ਤਾਂ ਕਿਹਾ ਕਿ ਅੱਜ ਸਾਰੇ ਐਸ ਡੀ ਐਮਜ ਅਤੇ ਬਾਕੀ ਫੀਲਡ ਸਟਾਫ ਮੰਡੀਆਂ ਵਿੱਚ ਭੇਜਿਆ ਹੋਇਆ ਹੈ ਅਤੇ ਸੰਭਾਵਨਾ ਹੈ ਕਿ ਅੱਜ ਖਰੀਦ ਸ਼ੁਰੂ ਹੋ ਜਾਏਗੀ। ਇਸ ਮੌਕੇ ਵਫਦ ਵਿੱਚ ਮਨਜੀਤ ਸਿੰਘ ਬੱਗੂ ਤਰਸੇਮ ਸਿੰਘ ਲੁਹਾਰ ਗੁਰਚਰਨ ਸਿੰਘ ਸਭਰਾ ਰਤਨ ਸਿੰਘ ਢੰਡ ਜੱਸਾ ਸਿੰਘ ਕੱਦਗਿਲ ਦਵਿੰਦਰ ਸਿੰਘ ਗਰੇਵਾਲ, ਦਵਿੰਦਰ ਸੋਹਲ,ਸੁਖਚੈਨ ਸਿੰਘ ਸਰਹਾਲੀ ਖੁਰਦ ਅਤੇ ਨਛੱਤਰ ਸਿੰਘ ਪੰਨੂ ਕਨਵੀਨਰ ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਤਰਨ ਤਾਰਨ ਆਦਿ ਹਾਜ਼ਰ ਸਨ।

# ਬਠਿੰਡਾ ਅਦਾਲਤ ਵੱਲੋਂ ਅੰਮ੍ਰਿਤਪਾਲ ਸਿੰਘ ਮੇਹਰੋਂ ਨੂੰ 14 ਦਿਨਾਂ ਜੁਡੀਸ਼ੀਅਲ ਕਸਟਡੀ



ਬਠਿੰਡਾ।

ਬਠਿੰਡਾ ਅਦਾਲਤ ਨੇ ਸੋਸ਼ਲ ਮੀਡੀਆ ਇਨਫਲੂਐਂਸਰ ਕੰਚਨ ਕੁਮਾਰੀ ਉਰਫ਼ ਕਮਲ ਕੌਰ ਭਾਭੀ ਦੀ ਹੱਤਿਆ ਦੇ ਮੁੱਖ ਮੁਲਜ਼ਮ ਅੰਮ੍ਰਿਤਪਾਲ ਸਿੰਘ ਮੇਹਰੋਂ ਨੂੰ ੧੪ ਦਿਨਾਂ ਲਈ ਜੁਡੀਸ਼ੀਅਲ ਕਸਟਡੀ ਵਿੱਚ ਭੇਜ ਦਿੱਤਾ ਹੈ। ਇਸ ਤੋਂ ਪਹਿਲਾਂ ਉਸ ਨੂੰ ਪੰਜ ਦਿਨਾਂ ਪੁਲਿਸ ਰਿਮਾਂਡ ਮਿਲਿਆ ਸੀ। ਇਸ ਮਾਮਲੇ ਵਿੱਚ ਪੁਲਿਸ ਵੱਲੋਂ ਤਫ਼ਤੀਸ਼ ਤੇਜ਼ ਕਰ ਦਿੱਤੀ ਗਈ ਹੈ ਅਤੇ ਉਸ ਤੋਂ ਹੋਰ ਖੁਲਾਸੇ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਅੰਮ੍ਰਿਤਪਾਲ ਸਿੰਘ ਮੇਹਰੋਂ ਮੋਗਾ ਜ਼ਿਲ੍ਹੇ ਦੇ ਮੇਹਰੋਂ ਪਿੰਡ ਦਾ ਰਹਿਣ ਵਾਲਾ ਹੈ। ਉਹ ਖੁਦ ਨੂੰ ਇੱਕ ਆਪਣੀ ਤਰ੍ਹਾਂ ਦੀ ਰੈਡੀਕਲ ਸੰਸਥਾ 'ਕੌਮ ਦੇ ਰਾਖੇ' ਦਾ ਮੁਖੀ ਦੱਸਦਾ ਹੈ। ਉਸ ਉੱਤੇ ਇਲਜ਼ਾਮ ਹੈ ਕਿ ਉਸ ਨੇ ਆਪਣੇ ਸਾਥੀਆਂ ਨਾਲ ਮਿਲ ਕੇ ੨੦੨੫ ਦੀ ੧੧ ਜੂਨ ਨੂੰ ਕੰਚਨ ਕੁਮਾਰੀ ਦਾ ਅਗਵਾ ਕੀਤਾ ਅਤੇ ਉਸ ਦੀ ਹੱਤਿਆ ਕਰ ਦਿੱਤੀ। ਉਸ ਦੀ ਲਾਸ਼ ਬਠਿੰਡਾ ਦੇ ਆਦੇਸ਼ ਹਸਪਤਾਲ ਦੀ ਪਾਰਕਿੰਗ ਵਿੱਚ ਇੱਕ ਕਾਰ ਵਿੱਚੋਂ ਬਰਾਮਦ ਹੋਈ ਸੀ। ਪੋਸਟਮਾਰਟਮ ਰਿਪੋਰਟ ਵਿੱਚ ਗਲਾ ਘੁੱਟ ਕੇ ਹੱਤਿਆ ਕਰਨ ਦੀ ਪੁਸ਼ਟੀ ਹੋਈ ਸੀ।

ਇਸ ਘਟਨਾ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਮੇਹਰੋਂ ਯੂਏਈ (ਦੁਬਈ) ਭੱਜ ਗਿਆ ਸੀ। ਫਰਵਰੀ ੨੦੨੬ ਵਿੱਚ ਬਠਿੰਡਾ ਅਦਾਲਤ ਨੇ ਉਸ ਨੂੰ ਫਰਾਰ ਐਲਾਨ ਦਿੱਤਾ ਅਤੇ ਇੰਟਰਪੋਲ ਰਾਹੀਂ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ। ਪੰਜਾਬ ਪੁਲਿਸ ਦੀ ਕਾਊਂਟਰ ਇੰਟੈਲੀਜੈਂਸ ਵਿੰਗ ਅਤੇ ਓਵਰਸੀਜ਼ ਫਿਊਜੀਟਿਵ ਟ੍ਰੈਕਿੰਗ ਐਂਡ ਐਕਸਟ੍ਰਾਡੀਸ਼ਨ ਸੈੱਲ (ਓਐਫਟੀਈਸੀ) ਨੇ ਲਗਾਤਾਰ ਯਤਨ ਕੀਤੇ। ਆਖਰਕਾਰ ਉਸ ਨੂੰ ਯੂਏਈ ਤੋਂ ਡਿਪੋਰਟ ਕਰਕੇ ਭਾਰਤ ਲਿਆਂਦਾ ਕਰਵਾਉਣ ਦੇ ਨਿਰਦੇਸ਼ ਵੀ ਦਿੱਤੇ ਗਏ ਸਨ। ਉਸ ਦੇ ਵਕੀਲ ਨੇ ਅਦਾਲਤ ਵਿੱਚ ਇਸ ਗੱਲ ਦੀ ਜਾਣਕਾਰੀ ਦਿੱਤੀ ਸੀ ਕਿ ਬਠਿੰਡਾ ਲਿਆਉਣ ਤੋਂ ਬਾਅਦ ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਹੁਣ ਅਦਾਲਤ ਨੇ ਉਸ ਨੂੰ ੧੪ ਦਿਨਾਂ ਲਈ ਜੁਡੀਸ਼ੀਅਲ ਕਸਟਡੀ ਵਿੱਚ ਭੇਜ ਦਿੱਤਾ ਹੈ ਤਾਂ ਜੋ ਤਫ਼ਤੀਸ਼ ਵਿੱਚ ਕੋਈ ਰੁਕਾਵਟ ਨਾ ਆਵੇ ਅਤੇ ਉਸ ਤੋਂ ਹੋਰ ਜਾਣਕਾਰੀ ਲਈ ਜਾ ਸਕੇ।

ਪੁਲਿਸ ਅਧਿਕਾਰੀਆਂ ਅਨੁਸਾਰ ਇਸ ਹੱਤਿਆ ਵਿੱਚ ਅੰਮ੍ਰਿਤਪਾਲ ਸਿੰਘ ਮੇਹਰੋਂ ਨਾਲ ਤਿੰਨ ਹੋਰ ਸਾਥੀ ਵੀ ਸ਼ਾਮਲ ਸਨ। ਉਨ੍ਹਾਂ ਵਿੱਚੋਂ ਜਸਪ੍ਰੀਤ ਸਿੰਘ, ਨਿਮਰਤਜੀਤ ਸਿੰਘ ਅਤੇ ਰਣਜੀਤ ਸਿੰਘ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਹੋਰ ਗ੍ਰਿਫ਼ਤਾਰੀਆਂ ਵੀ ਹੋ ਸਕਦੀਆਂ ਹਨ। ਉਨ੍ਹਾਂ ਨੇ ਇਸ ਗ੍ਰਿਫ਼ਤਾਰੀ ਨੂੰ ਇੱਕ ਵੱਡੀ ਸਫਲਤਾ ਦੱਸਿਆ ਹੈ ਅਤੇ ਕਿਹਾ ਕਿ ਇਸ ਨਾਲ ਰਾਜ ਵਿੱਚ ਆਪਣੀ ਤਰ੍ਹਾਂ ਦੀ ਮੋਰਲ ਪੋਲੀਸਿੰਗ ਕਰਨ ਵਾਲੀਆਂ ਤਾਕਤਾਂ ਉੱਤੇ ਰੋਕ ਲੱਗੇਗੀ।

ਇਸ ਘਟਨਾ ਨੇ ਪੂਰੇ ਪੰਜਾਬ ਵਿੱਚ ਚਰਚਾ ਪੈਦਾ ਕਰ ਦਿੱਤੀ ਸੀ ਕਿਉਂਕਿ ਕੰਚਨ ਕੁਮਾਰੀ ਇੱਕ ਲੋਕਪ੍ਰਿਯ ਸੋਸ਼ਲ ਮੀਡੀਆ ਇਨਫਲੂਐਂਸਰ ਸੀ ਅਤੇ ਉਸ ਦੀਆਂ ਵੀਡੀਓਜ਼ ਬਹੁਤ ਵਾਇਰਲ ਹੁੰਦੀਆਂ ਸਨ। ਉਸ ਦੀ ਹੱਤਿਆ ਦਾ ਮਾਮਲਾ ਲੰਬੇ ਸਮੇਂ ਤੋਂ ਚੱਲ ਰਿਹਾ ਸੀ ਅਤੇ ਪਰਿਵਾਰ ਵੱਲੋਂ ਨਿਆਂ ਦੀ ਮੰਗ ਕੀਤੀ ਜਾ ਰਹੀ ਸੀ। ਹੁਣ ਅੰਮ੍ਰਿਤਪਾਲ ਸਿੰਘ ਮੇਹਰੋਂ ਦੀ ਗ੍ਰਿਫ਼ਤਾਰੀ ਅਤੇ ਅਦਾਲਤੀ ਕਾਰਵਾਈ ਨਾਲ ਪਰਿਵਾਰ ਨੂੰ ਕੁਝ ਰਾਹਤ ਮਿਲੀ ਹੈ।

ਪੁਲਿਸ ਇਸ ਮਾਮਲੇ ਵਿੱਚ ਉਸ ਤੋਂ ਇਹ ਜਾਣਨ ਦੀ ਕੋਸ਼ਿਸ਼ ਕਰ

# ਮਿਡਲ ਸਕੂਲਾਂ ਨੂੰ ਬੰਦ ਕਰਨ ਦਾ ਮਾਸਟਰ ਕੇਡਰ ਯੂਨੀਅਨ ਨੇ ਕੀਤਾ ਵਿਰੋਧ



ਸਰਕਾਰ ਵੱਲੋਂ ਦਿੱਤੇ ਗਏ ਨਵੇਂ ਆਦੇਸ਼ ਬਾਰੇ ਜਾਣਕਾਰੀ ਦਿੰਦੇ ਹੋਏ ਮਾਸਟਰ ਕੇਡਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੁੱਲਰ ,ਜ਼ਿਲ੍ਹਾ ਜਨਰਲ ਸਕੱਤਰ ਸੁਖਦੇਵ ਰਾਜ , ਸੀਨੀਅਰ ਮੀਤ ਪ੍ਰਧਾਨ ਰਸ਼ਪਾਲ ਸਿੰਘ ਆਦਿ। |

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 15 ਅਪ੍ਰੈਲ

ਸਿੱਖਿਆ ਦੀ ਕਾਇਆ ਪਲਟ ਕਰਨ ਵਰਗੇ ਨਾਅਰੇ ਦੇ ਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਨੇ ਸਿੱਖਿਆ ਕ੍ਰਾਂਤੀ ਦੇ ਝੂਠੇ ਨਾਅਰੇ ਦੇ ਸਿਖਿਆਂ ਨੂੰ ਹੀ ਖਤਮ ਕਰਨ ਦਾ ਬੀੜਾ ਚੁੱਕ ਲਿਆ ਹੈ। ਸਰਕਾਰ ਸੂਬੇ ਦੇ ਮਿਡਲ ਸਕੂਲਾਂ ਨੂੰ ਬੰਦ ਕਰਨ ਦੀ ਸ਼ੁਰੂਆਤ ਕਰ ਚੁੱਕੀ ਹੈ। ਇਹ ਜਾਣਕਾਰੀ ਦਿੰਦੇ ਮਾਸਟਰ ਕੇਡਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਗੁਰਮੀਤ ਸਿੰਘ ਭੁੱਲਰ ,ਜ਼ਿਲ੍ਹਾ ਜਨਰਲ ਸਕੱਤਰ ਸੁਖਦੇਵ ਰਾਜ , ਸੀਨੀਅਰ ਮੀਤ ਪ੍ਰਧਾਨ ਰਸ਼ਪਾਲ ਸਿੰਘ , ਬਲਾਕ ਪ੍ਰਧਾਨ ਮੈਡਮ ਜਗਰੂਪ ਕੌਰ ਮੈਡਮ ਅਮਨਦੀਪ ,ਸਰਪ੍ਰਸਤ ਮਨਜਿੰਦਰ ਸਿੰਘ ,ਵਿੱਤ ਸਕੱਤਰ ਜੁਗਰਾਜ ਸਿੰਘ, ਸਟੇਟ ਕਮੇਟੀ ਮੈਂਬਰ ਪਰਮਿੰਦਰ ਸਿੰਘ, ਮੀਡੀਆ ਕੋਆਰਡੀਨੇਟਰ ਰਾਜਪਾਲ ਸਿੰਘ ਮੀਤ ਪ੍ਰਧਾਨ ਰਣਜੀਤ ਸਿੰਘ,ਬਲਾਕ ਪ੍ਰਧਾਨ ਮਨਪ੍ਰੀਤ ਸਿੰਘ,ਨਿਰਮਲ ਸਿੰਘ, ਦਿਲਬਾਗ ਸਿੰਘ,ਸੰਦੀਪ ਸਿੰਘ ਨੇ ਸਾਂਝੇ ਤੌਰ ਤੇ ਦੱਸਿਆ ਕਿ ਸਰਕਾਰ ਸੂਬੇ ਦੇ ਮਿਡਲ ਸਕੂਲਾਂ ਨੂੰ ਬੰਦ ਕਰਨ ਦੀ ਸ਼ੁਰੂਆਤ ਕਰ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਮਿਤੀ 20 ਅਪ੍ਰੈਲ 2026 ਨੂੰ ਡੀਜੀਐਸਸੀ ਦੇ ਦਸਤਾ ਹੇਠ ਜਾਰੀ ਹੋਏ ਪੱਤਰ ਨੰਬਰ 202696171 ਵਿੱਚ ਮਿਡਲ ਸਕੂਲਾਂ ਵਿੱਚ ਗਿਣਤੀ ਦੇ ਆਧਾਰ ਤੇ ਅਧਿਆਪਕਾਂ ਦਾ ਆਰਜੀ ਪ੍ਰਬੰਧ ਕਿਸੇ ਹੋਰ ਸਕੂਲਾਂ ਵਿੱਚ ਕਰਨ ਦੇ ਨਿਰਦੇਸ਼ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਦੇ ਦਿੱਤੇ ਗਏ ਹਨ ਪੰਜਾਬੀ, ਹਿੰਦੀ ,ਗਣਿਤ ,ਸਾਇੰਸ, ਸਮਾਜਿਕ ਸਿੱਖਿਆ, ਅੰਗਰੇਜ਼ੀ , ਸਰੀਰਕ ਸਿੱਖਿਆ, ਡਰਾਇੰਗ, ਕੰਪਿਊਟਰ ਅਤੇ ਖੇਤੀਬਾੜੀ ਵਰਗੇ 9 ਵਿਸ਼ਿਆਂ ਨੂੰ ਹੁਣ ਸਿਰਫ 2 ਅਧਿਆਪਕ ਹੀ ਪੜਾਉਣਗੇ। ਛੇਵੀਂ ਤੋਂ ਉੱਪਰ ਦੀਆਂ ਕਲਾਸਾਂ ਨੂੰ ਵਿਸ਼ਾ ਅਧਿਆਪਕ ਹੀ ਪੜ੍ਹਾ ਸਕਦੇ ਹਨ ਪਰ ਇਸ ਸਰਕਾਰ ਨੇ ਮਿਡਲ ਸਕੂਲਾਂ ਨੂੰ ਪ੍ਰਾਇਮਰੀ ਸਕੂਲਾਂ ਵਾਂਗ ਸਾਰੇ ਵਿਸ਼ੇ ਇੱਕ ਜਾਂ ਦੋ ਅਧਿਆਕ ਬਣਾਉਣ ਦਾ ਸਖ਼ਤ ਆਦੇਸ਼ ਜਾਰੀ ਕਰ ਦਿੱਤਾ ਗਿਆ ਹੈ।ਉਪਰੋਕਤ ਪੱਤਰ ਵਿੱਚ 30 ਵਿਦਿਆਰਥੀਆਂ ਦੀ ਗਿਣਤੀ ਵਾਲੇ ਮਿਡਲ ਸਕੂਲਾਂ ਵਿੱਚ 2 ਅਧਿਆਪਕ, 60 ਵਿਦਿਆਰਥੀਆਂ ਤੱਕ 3 ਅਧਿਆਪਕ ਅਤੇ 90 ਵਿਦਿਆਰਥੀਆਂ ਤੱਕ 4 ਅਧਿਆਪਕ ਹੀ ਰੱਖਣ ਦਾ ਹੁਕਮ ਦੇ ਦਿੱਤਾ ਗਿਆ ਹੈ। ਇਸ ਗਿਣਤੀ ਤੋਂ ਵੱਧ ਰਹੇ।ਅਧਿਆਪਕਾਂ ਦਾ ਆਰਜੀ ਪ੍ਰਬੰਧ ਹੋਰ ਸਕੂਲਾਂ 'ਚ ਕਰਨ ਦਾ ਹੁਕਮ ਦਿੱਤਾ ਗਿਆ ਹੈ।ਪੰਜਾਬੀ ਅਧਿਆਪਕ ਗਣਿਤ, ਸਾਇੰਸ, ਸਮਾਜਿਕ ਸਿੱਖਿਆ ਅਤੇ ਅੰਗਰੇਜ਼ੀ ਵਰਗੇ ਔਖੇ ਵਿਸ਼ੇ ਕਿਵੇਂ ਪੜ੍ਹਾਏਗਾ। ਇਸੇ ਤਰ੍ਹਾਂ ਦੂਜੇ ਵਿਸ਼ੇ ਦਾ ਅਧਿਆਪਕ ਬਾਕੀ ਵਿਸ਼ਿਆਂ ਨੂੰ ਕਿਵੇਂ ਇਨਸਾਫ ਕਰੇਗਾ। ਮਾਸਟਰ ਕੇਡਰ ਯੂਨੀਅਨ ਪੰਜਾਬ ਨੇ ਮੰਗ ਕਰਦਿਆਂ ਸਰਕਾਰ ਨੂੰ ਉਕਤ ਪੱਤਰ ਵਾਪਸ ਲੈ ਕੇ ਪੰਜਾਬ ਦੇ ਸਾਰੇ ਮਿਡਲ ਸਕੂਲਾਂ ਹਰੇਕ ਵਿਸ਼ੇ ਦੇ ਅਧਿਆਪਕ ਨਿਯੁਕਤ ਕਰਨ ਦੀ ਅਪੀਲ ਕੀਤੀ ਹੈ। ਇਸ ਮੌਕੇ ਦਿਲਰਾਜ ਸਿੰਘ,ਹਰਪਾਲ ਸਿੰਘ, ਰਣਜੀਤ ਸਿੰਘ, ਪ੍ਰਸ਼ੋਤਮ ਸਿੰਘ ਆਦਿ ਹਾਜ਼ਰ ਸਨ।

# ਭਾਖੜਾ ਬਿਆਸ ਮੈਨੇਜਮੈਂਟ ਬੋਰਡ 'ਚ ਪੰਜਾਬ ਦੀ ਭਾਗੇਦਾਰੀ ਬਰਕਰਾਰ ਰੱਖੀ ਜਾਵੇ- ਐਡਵਕੇਟ ਧਾਮੀ



ਅੰਮ੍ਰਿਤਸਰ, 15 ਅਪ੍ਰੈਲ-

ਭਾਰਤ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀਬੀਐਮਬੀ) 'ਚ ਪੰਜਾਬ ਦੀ ਸਥਾਈ ਮੈਂਬਰਸ਼ਿਪ ਖ਼ਤਮ ਕੀਤੇ ਜਾਣ ਵਾਲੇ ਨੋਟੀਫਿਕੇਸ਼ਨ 'ਤੇ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਪੰਜਾਬੀਆਂ ਨਾਲ ਇਕ ਹੋਰ ਧੱਕਾ ਕਰਾਰ ਦਿੱਤਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਬੀਤੇ ਸਮੇਂ ਤੋਂ ਭਾਰਤ ਸਰਕਾਰ ਵੱਲੋਂ ਪੰਜਾਬ ਦੇ ਹੱਕਾਂ, ਹਿੱਤਾਂ ਅਤੇ ਸਿੱਖ ਕੌਮ ਦੀਆਂ ਵਾਜਬ ਮੰਗਾਂ ਨੂੰ ਲਗਾਤਾਰ ਅਣਡਿੱਠ ਕੀਤਾ ਜਾ ਰਿਹਾ ਹੈ। ਪੰਜਾਬ ਨਾਲ ਸਬੰਧਤ ਪਾਣੀਆਂ ਦੀ ਵੰਡ ਦਾ ਮਾਮਲਾ, ਚੰਡੀਗੜ੍ਹ ਤੇ ਹੋਰ ਪੰਜਬੀ ਬੋਲਣ ਵਾਲੇ ਇਲਾਕਿਆਂ ਦਾ ਮਸਲਾ, ਖੇਤੀਬਾੜੀ ਅਤੇ ਆਰਥਿਕਤਾ ਨਾਲ ਜੁੜੇ ਮਾਮਲਿਆਂ ਵਿਚ ਪੰਜਾਬ ਨਾਲ ਬੇਇਨਸਾਫ਼ੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਦੇ ਦਰਿਆਈ ਪਾਣੀ ਜਿਨ੍ਹਾਂ 'ਤੇ ਪਹਿਲਾ ਹੱਕ ਪੰਜਾਬ ਦੇ ਲੋਕਾਂ ਦਾ ਹੈ, ਨੂੰ ਹੋਰਨਾਂ ਰਾਜਾਂ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਭੇਜੇ ਜਾਣ ਲਈ ਬੇਜ਼ਿੱਦ ਹੈ। ਇਸ ਲਈ ਨਿਯਮਾਂ ਵਿਚ ਤਬਦੀਲੀਆਂ ਕਰਕੇ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਇਹ ਪੰਜਾਬ ਦੇ ਹੱਕਾਂ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਕਿਹਾ ਕਿ 1974 'ਚ ਬੀਬੀਐਮਬੀ ਦੇ ਗਠਨ ਤੋਂ ਬਾਅਦ ਇਕ ਸਥਿਰ ਪ੍ਰਣਾਲੀ ਰਹੀ ਹੈ, ਪਰ ਹੁਣ ਕੇਂਦਰ ਆਪਣੀ ਮਰਜ਼ੀ ਅਨੁਸਾਰ ਨਿਯੁਕਤੀਆਂ ਕਰਨ ਲਈ ਅਜਿਹੇ ਹੱਥਕੰਡੇ ਵਰਤ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਆਖਿਆ ਕਿ ਇਸ ਫੈਸਲੇ ਨੂੰ ਤੁਰੰਤ ਵਾਪਸ ਲਿਆ ਜਾਵੇ ਅਤੇ ਅਜਿਹਾ ਕੋਈ ਵੀ ਨਿਯਮ ਲਾਗੂ ਕਰਨ ਦੀ ਕੋਸ਼ਿਸ਼ ਨਾ ਕੀਤੀ ਜਾਵੇ, ਜੋ ਪੰਜਾਬੀਆਂ ਦੇ ਹੱਕਾਂ ਨੂੰ ਖੋਹਣ ਵਾਲਾ ਹੋਵੇ।



# ਹਲਕਾ ਖੇਮਕਰਨ ਭਿੱਖੀਵਿੰਡ ਖਰੀਦ ਕੇਂਦਰ ਵਿਖੇ ਕਣਕ ਦੀ ਸਰਕਾਰੀ ਖਰੀਦ ਸ਼ੁਰੂ -ਚੇਅਰਮੈਨ ਲਾਖਣਾ



## ਇਸ ਮੌਕੇ ਸਬੰਧਿਤ ਵਿਭਾਗਾਂ ਦੇ ਅਧਿਕਾਰੀ ਅਤੇ ਇਲਾਕੇ ਦੇ ਕਿਸਾਨ ਵੱਡੀ ਗਿਣਤੀ ਵਿੱਚ ਮੌਜੂਦ ਸਨ।

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 15 ਅਪ੍ਰੈਲ

ਹਲਕਾ ਖੇਮਕਰਨ ਦੇ ਖਰੀਦ ਕੇਂਦਰ ਭਿੱਖੀਵਿੰਡ ਵਿਖੇ ਕਣਕ ਦੀ ਸਰਕਾਰੀ ਖਰੀਦ ਦਾ ਰਸਮੀ ਤੌਰ 'ਤੇ ਆਗਾਜ਼ ਕੀਤਾ ਗਿਆ। ਗੁਰਦੇਵ ਸਿੰਘ ਲਾਖਣਾ, ਚੇਅਰਮੈਨ ਪੰਜਾਬ ਰਾਜ ਗੁਦਾਮ ਨਿਗਮ (PSWC) ਅਤੇ ਸੂਬਾ ਸਕੱਤਰ, ਆਮ ਆਦਮੀ ਪਾਰਟੀ ਪੰਜਾਬ, ਵੱਲੋਂ PSWC ਏਜੰਸੀ ਦੀ ਕਣਕ ਦੀ ਖਰੀਦ ਸ਼ੁਰੂ ਕਰਵਾਈ ਗਈ। ਇਸ ਮੌਕੇ ਚੇਅਰਮੈਨ ਪਲੈਨਿੰਗ ਬੋਰਡ ਗੁਰਵਿੰਦਰ ਸਿੰਘ ਬਹਿੜਵਾਲ ਅਤੇ ਚੇਅਰਮੈਨ ਮਾਰਕੀਟ ਕਮੇਟੀ ਰਣਜੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਆਗੂਆਂ ਨੇ ਮੰਡੀ ਵਿੱਚ ਕਣਕ ਦੀ ਖਰੀਦ ਲਈ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਲਿਆ।ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਫਸਲ ਦੀ ਨਿਰਵਿਘਨ ਖਰੀਦ ਲਈ ਸਾਰੇ ਪੁਖਤਾ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਸੀਜ਼ਨ ਦੌਰਾਨ ਕਿਸਾਨਾਂ ਨੂੰ ਮੰਡੀਆਂ ਵਿੱਚ ਕਿਸੇ ਵੀ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਕਰਨ ਦਿੱਤਾ ਜਾਵੇਗਾ ਅਤੇ ਕਣਕ ਦਾ ਇੱਕ-ਇੱਕ ਦਾਣਾ ਸਰਕਾਰੀ ਭਾਅ 'ਤੇ ਖਰੀਦਿਆ ਜਾਵੇਗਾ।

# ਕਿਸਾਨ ਆਗੂ ਨੂੰ ਖ੍ਰੀਦ ਸ਼ੁਰੂ ਕਰਨ ਦਾ ਭਰੋਸਾ ਮਿਲਿਆ ਕਿਸਾਨ ਆਗੂ



## *ਤਰਨਤਾਰਨ ਦਾਣਾ ਮੰਡੀ ਵਿਖੇ ਸਯੁੰਕਤ ਕਿਸਾਨ ਮੋਰਚਾ ਦਾ ਕਿਸਾਨੀ ਦੀਆ ਮੁਸ਼ਕਿਲਾ ਉਪਰੰਤ

ਗੁਰਪ੍ਰੀਤ ਸਿੰਘ ਕੱਦ ਗਿੱਲ
ਤਰਨਤਾਰਨ 15 ਅਪ੍ਰੈਲ

ਸੰਯੁਕਤ ਕਿਸਾਨ ਮੋਰਚਾ ਜਿਲਾ ਤਰਨ ਤਾਰਨ ਵਿਚ ਕੰਮ ਕਰਦੀਆਂ ਵੱਖ-ਵੱਖ ਕਿਸਾਨ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਕੌਮੀ ਕਿਸਾਨ ਯੂਨੀਅਨ ,ਕੁੱਲ ਹਿੰਦ ਕਿਸਾਨ ਯੂਨੀਅਨ, ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ, ਬੀਕੇਯੂ ਕਾਦੀਆਂ ,ਬੀਕੇਯੂ ਏਕਤਾ ਉਗਰਾਹਾਂ ਅਧਾਰਤ ਇੱਕ ਵਫਦ ਵੱਲੋਂ ਬੁੱਧਵਾਰ ਸਥਾਨਕ ਤਰਨ ਤਾਰਨ ਦਾਣਾ ਮੰਡੀ ਦਾ ਦੌਰਾ ਕਰਕੇ ਕਿਸਾਨਾਂ ਦੀਆ ਮੁਸ਼ਕਿਲਾ ਸੁਣੀਆਂ। ਇਸ ਮੌਕੇ ਗੱਲਬਾਤ ਕਰਦਿਆਂ ਗੱਲਬਾਤ ਕਰਦਿਆਂ ਮੋਰਚਾ ਦੇ ਆਗੂਆਂ ਦੱਸਿਆ ਕਿ

ਵੇਖਿਆ ਕਿ ਕਿਸਾਨ ਕਈ ਕਈ ਦਿਨਾਂ ਤੋਂ ਇੱਥੇ ਮੰਡੀ ਵਿੱਚ ਰੁਲ ਰਹੇ ਹਨ ਅਤੇ ਸਰਕਾਰ ਵੱਲੋਂ ਕਣਕ ਦੀ ਭਰਾਈ ਦਾ ਕੋਈ ਪ੍ਰਬੰਧ ਨਹੀਂ ਕੀਤਾ ਗਿਆ ।ਇਥੋਂ ਤੱਕ ਕਿ ਬਾਰਦਾਨਾ ਵੀ ਮੁਹਈਆ ਨਹੀਂ ਕਰਾਇਆ ਗਿਆ। ਉਨ੍ਹਾਂ ਦੱਸਿਆ ਕਿ ਅਸੀਂ ਜਦੋਂ ਮੰਡੀ ਦਾ ਦੌਰਾ ਕੀਤਾ ਤਾਂ ਮੰਡੀ ਵਿੱਚ ਕਈ ਦਿਨਾਂ ਤੋਂ ਰੁਲ ਰਹੇ ਤੇ ਕਿਸਾਨਾਂ ਸਤਨਾਮ ਸਿੰਘ ਕੈਰੋਂਵਾਲ, ਰਜਿੰਦਰ ਸਿੰਘ ਪੱਟੀ ,ਨਿਰਮਲ ਸਿੰਘ ਮਲਮੋਹਰੀ ,ਬਲਦੇਵ ਸਿੰਘ ਬਾਲਾ ਚੱਕ ,ਮਨਜੀਤ ਸਿੰਘ ਨੰਬਰਦਾਰ ਸਰਹਾਲੀ,ਕਾਰਜ ਸਿੰਘ ਗੋਰਖਾ ,ਸਤਨਾਮ ਸਿੰਘ ਨੌਰੰਗਾਬਾਦ ,ਜੱਸਾ ਸਿੰਘ ਮਾਣੋਚਾਹਲ ਆਦਿ ਨੇ ਦੱਸਿਆ ਕਿ ਉਹਨਾਂ ਦੀ ਕਣਕ ਬਿਲਕੁਲ ਸਹੀ ਹੈ ਇਸ ਦੇ ਬਾਵਜੂਦ ਕਈ ਦਿਨਾਂ ਤੋਂ ਕੋਈ ਵੀ ਅਧਿਕਾਰੀ ਮੰਡੀ ਬੋਰਡ ਵੱਲੋ ਉਹਨਾਂ ਦੀ ਸਾਰ ਲੈਣ ਲਈ ਨਹੀਂ ਪਹੁੰਚਿਆ ।ਇਨ੍ਹਾਂ ਤੋ ਇਲਾਵਾ ਦਲਬੀਰ ਸਿੰਘ ਕਾਲਾ ਪ੍ਰਧਾਨ ਦਾਣਾ ਮੰਡੀ ਤਰਨ ਤਾਰਨ ਨੇ ਕਿਹਾ ਕਿ ਜਿਹੜੀ ਕਣਕ ਬਿਲਕੁਲ ਅਵਲ ਦਰਜੇ ਦੀ ਹੈ ਉਸ ਦੀ ਵੀ ਖਰੀਦ ਨਹੀਂ ਕੀਤੀ ਜਾ ਰਹੀ। ਜਿਸ ਕਾਰਨ ਸਾਨੂੰ ਮਜ਼ਦੂਰੀ ਕਰਨ ਵਾਲਿਆਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਉਨ੍ਹਾਂ ਕਿਹਾ ਕਿ

ਵਫਦ ਵੱਲੋਂ ਜਦੋਂ ਜ਼ਿਲ੍ਹਾ ਖੁਰਾਕ ਤੇ ਸਪਲਾਈ ਅਫਸਰ ਦੇ ਦਫਤਰ ਪਹੁੰਚ ਕੀਤੀ ਗਈ ਤਾਂ ਉਨ੍ਹਾਂ ਦੇ ਦਫਤਰ ਨੂੰ ਤਾਲਾ ਲੱਗਾ ਹੋਇਆ ਸੀ। ਕਿਸਾਨ ਆਗੂਆਂ ਵੱਲੋਂ ਉਨ੍ਹਾਂ ਦੇ ਦਫਤਰ ਸਾਹਮਣੇ ਬੈਠ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਜਿਸ ਉਪਰੰਤ ਉਨ੍ਹਾਂ ਦੇ ਸਹਾਇਕ ਡੀਐਫ ਓ ਅਮਨਦੀਪ ਸਿੰਘ ਨੇ ਭਰੋਸਾ ਦਵਾਇਆ ਕਿ ਅੱਜ ਸੱਭ ਇੰਸਪੈਕਟਰ ਮੰਡੀਆਂ ਵਿੱਚ ਗਏ ਹਨ ਅਤੇ ਬੋਲੀ ਸ਼ੁਰੂ ਕੀਤੀ ਜਾਵੇਗੀ। ਇਸ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਜਦੋਂ ਸਰਕਾਰ ਨੂੰ ਪਤਾ ਸੀ ਕਿ ਇੱਕ ਅਪ੍ਰੈਲ ਤੋਂ ਕਣਕ ਮੰਡੀ ਵਿੱਚ ਆ ਜਾਣੀ ਹੈ ਤਾਂ ਫਿਰ ਕਿਉਂ ਨਹੀਂ ਪਹਿਲਾਂ ਮਾਪਦੰਡ ਨਾਲ ਸਬੰਧਤ ਕੋਈ ਫੈਸਲਾ ਲਿਆ ।ਉਹਨਾਂ ਮੰਗ ਕੀਤੀ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਬਿਨਾਂ ਕਿਸੇ ਦੇਰੀ ਤੁਰੰਤ ਕਣਕ ਦੀ ਖਰੀਦ ਕੀਤੀ ਜਾਵੇ ਅਤੇ ਕਿਸਾਨਾਂ ਨੂੰ ਮੰਡੀਆਂ ਵਿੱਚ ਰੁਲਣ ਤੋਂ ਬਚਾਇਆ ਜਾਏ। ਅੱਜ ਦੇ ਵਫਦ ਵਿੱਚ ਮਨਜੀਤ ਸਿੰਘ ਬੱਗੂ ,ਤਰਸੇਮ ਸਿੰਘ ਲੁਹਾਰ , ਗੁਰਚਰਨ ਸਿੰਘ ਸਭਰਾ ,ਨਛੱਤਰ ਸਿੰਘ ਪੰਨੂ, ਸੁਖਚੈਨ ਸਿੰਘ ਸਰਹਾਲੀ, ਦਵਿੰਦਰ ਸਿੰਘ ਗਰੇਵਾਲ ਜੱਸਾ ਸਿੰਘ ਕੱਦ ਗਿੱਲ ,ਰਤਨ ਸਿੰਘ ਢੰਡ ਸੁਰਜੀਤ ਸਿੰਘ ਸ਼ੇਖਚਕ ਸੁਖਜੀਤ ਸਿੰਘ ਸਿੱਧੂ ਆਦਿ ਸ਼ਾਮਿਲ ਸਨ।

# ਡਾ. ਬੀ. ਆਰ. ਅੰਬੇਦਕਰ ਜਯੰਤੀ ਮੌਕੇ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਵਿੱਚ ਸ਼ਰਧਾਂਜਲੀ ਸਮਾਰੋਹ



ਚੋਹਲਾ ਸਾਹਿਬ 15 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਸਰਹਾਲੀ ਦੀ ਸਥਾਪਨਾ ਸੰਨ 1970 ਵਿੱਚ ਸੰਤ ਬਾਬਾ ਤਾਰਾ ਸਿੰਘ ਜੀ ਵੱਲੋਂ ਕੀਤੀ ਗਈ ਸੀ। ਮੌਜੂਦਾ ਸਮੇਂ ਕਾਲਜ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਵਿਦਿਆ ਦਾ ਚਾਨਣ ਫੈਲਾਉਣ ਦੇ ਨਾਲ-ਨਾਲ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਵੀ ਬਖੂਬੀ ਨਿਭਾ ਰਿਹਾ ਹੈ। ਇਸ ਸਿਰਮੌਰ ਸੰਸਥਾ ਦਾ ਉਦੇਸ਼ ਸਿਰਫ਼ ਉੱਚ ਪੱਧਰੀ ਸਿੱਖਿਆ ਪ੍ਰਦਾਨ ਕਰਨਾ ਹੀ ਨਹੀਂ, ਸਗੋਂ ਵਿਦਿਆਰਥੀਆਂ ਦੀ ਬਹੁਪੱਖੀ ਸ਼ਖਸੀਅਤ ਦਾ ਵਿਕਾਸ ਕਰਨਾ ਵੀ ਹੈ।ਇਸੇ ਲੜੀ ਦੇ ਤਹਿਤ ਕਾਲਜ ਦੇ ਐਨਐਸਐਸ ਯੂਨਿਟ ਅਤੇ ਰੈਡ ਰਿਬਨ ਕਲੱਬ ਵੱਲੋਂ ਡਾ. ਬੀ. ਆਰ. ਅੰਬੇਦਕਰ ਜੀ ਦੀ ਜਯੰਤੀ ਮੌਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇਸ ਮੌਕੇ ’ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਇਕੱਠੇ ਹੋ ਕੇ ਡਾ. ਅੰਬੇਦਕਰ ਜੀ ਦੇ ਚਿੱਤਰ ਅੱਗੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ ਅਤੇ ਉਨ੍ਹਾਂ ਦੇ ਜੀਵਨ ਅਤੇ ਯੋਗਦਾਨ ਬਾਰੇ ਵਿਚਾਰ ਸਾਂਝੇ ਕੀਤੇ।ਪ੍ਰੋਗਰਾਮ ਦੀ ਸ਼ੁਰੂਆਤ ਸ਼ਰਧਾਂਜਲੀ ਅਰਪਣ ਨਾਲ ਹੋਈ। ਇਸ ਤੋਂ ਬਾਅਦ ਐਨਐਸਐਸ ਪ੍ਰੋਗਰਾਮ ਅਫਸਰ ਸ਼੍ਰੀ ਬਲਵਿੰਦਰ ਸਿੰਘ ਨੇ ਆਪਣੇ ਸੰਬੋਧਨ ਵਿੱਚ ਡਾ. ਅੰਬੇਦਕਰ ਜੀ ਦੀ ਸਿੱਖਿਆ, ਸਮਾਨਤਾ ਅਤੇ ਸੰਵਿਧਾਨ ਰਚਨਾ ਵਿੱਚ ਦਿੱਤੇ ਅਮੂਲ ਯੋਗਦਾਨ ਬਾਰੇ ਚਾਨਣ ਪਾਇਆ। ਉਨ੍ਹਾਂ ਕਿਹਾ ਕਿ ਡਾ. ਅੰਬੇਦਕਰ ਜੀ ਦੇ ਵਿਚਾਰ ਅੱਜ ਵੀ ਸਮਾਜ ਨੂੰ ਸਹੀ ਦਿਸ਼ਾ ਦਿੰਦੇ ਹਨ ਅਤੇ ਨੌਜਵਾਨ ਪੀੜ੍ਹੀ ਨੂੰ ਉਨ੍ਹਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ।ਇਸ ਮੌਕੇ ਰੈਡ ਰਿਬਨ ਕਲੱਬ ਦੀ ਇੰਚਾਰਜ ਡਾ. ਕੰਵਲਪ੍ਰੀਤ ਕੌਰ ਅਤੇ ਮੈਂਬਰ ਮੈਡਮ ਜੈਦੀਪ ਕੌਰ ਵੱਲੋਂ ਵੀ ਸਮਾਜਿਕ ਜਾਗਰੂਕਤਾ ਅਤੇ ਮਨੁੱਖੀ ਅਧਿਕਾਰਾਂ ਬਾਰੇ ਜ਼ੋਰ ਦਿੱਤਾ ਗਿਆ। ਵਿਦਿਆਰਥੀਆਂ ਨੇ ਵਚਨ ਲਿਆ ਕਿ ਉਹ ਡਾ. ਅੰਬੇਦਕਰ ਜੀ ਦੇ ਆਦਰਸ਼ਾਂ ’ਤੇ ਚੱਲਦੇ ਹੋਏ ਸਮਾਜ ਵਿੱਚ ਬਰਾਬਰੀ ਅਤੇ ਭਾਈਚਾਰੇ ਨੂੰ ਵਧਾਉਣ ਲਈ ਯਤਨਸ਼ੀਲ ਰਹਿਣਗੇ।ਅੰਤ ਵਿੱਚ ਸਾਰੇ ਹਾਜ਼ਰ ਲੋਕਾਂ ਨੇ ਡਾ. ਅੰਬੇਦਕਰ ਜੀ ਨੂੰ ਨਮਨ ਕਰਦੇ ਹੋਏ ਸਮਾਰੋਹ ਦਾ ਸਮਾਪਨ ਕੀਤਾ। ਇਸ ਮੌਕੇ ਤੇ ਕਾਲਜ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

# ਯੂਨੀਵਰਸਿਟੀ ਕਾਲਜ ਆਫ ਨਰਸਿੰਗ, ਫਰੀਦਕੋਟ ਵਿਖੇ ਦੋ ਰੋਜ਼ਾ ਮੁੱਢਲੀ ਸਹਾਇਤਾ ਸਬੰਧੀ ਵਰਕਸ਼ਾਪ ਆਯੋਜਿਤ

**ਪ੍ਰਯੋਗਿਕ ਅਧਾਰਿਤ ਪ੍ਰੋਗਰਾਮ ਵਿਦਿਆਰਥੀਆਂ ਦੀ ਐਮਰਜੈਂਸੀ ਸਥਿਤੀਆਂ ਵਿੱਚ ਤੁਰੰਤ ਅਤੇ ਪ੍ਰਭਾਵਸ਼ਾਲੀ ਸੇਵਾ ਦੇਣ ਦੀ ਯੋਗਤਾ ਨੂੰ ਹੋਰ ਮਜ਼ਬੂਤ ਕਰਦੇ ਹਨ।**





ਫਰੀਦਕੋਟ, ਚੋਹਲਾ ਸਾਹਿਬ 15 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ),: ਯੂਨੀਵਰਸਿਟੀ ਕਾਲਜ ਆਫ ਨਰਸਿੰਗ, ਫਰੀਦਕੋਟ ਵਿਖੇ ਦੋ ਰੋਜ਼ਾ ਮੁੱਢਲੀ ਸਹਾਇਤਾ (First Aid) ਸਬੰਧੀ ਵਰਕਸ਼ਾਪ ਪ੍ਰਿੰਸੀਪਲ ਡਾ. ਹਰਦੀਪ ਕੌਰ ਮੱਲ ਦੀ ਯੋਗ ਅਗਵਾਈ ਹੇਠ ਸਫਲਤਾਪੂਰਵਕ ਆਯੋਜਿਤ ਕੀਤੀ ਗਈ।

ਇਸ ਵਰਕਸ਼ਾਪ ਦੌਰਾਨ ਬੀ.ਐਸ.ਸੀ. ਨਰਸਿੰਗ ਭਾਗ ਪਹਿਲਾ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਬਿਮਾਰੀਆਂ ਅਤੇ ਐਮਰਜੈਂਸੀ ਹਾਲਤਾਂ ਵਿੱਚ ਦਿੱਤੀ ਜਾਣ ਵਾਲੀ ਮੁੱਢਲੀ ਸਹਾਇਤਾ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕੀਤੀ ਗਈ। ਪ੍ਰੋਗਰਾਮ ਵਿੱਚ ਲੈਕਚਰਾਂ ਦੇ ਨਾਲ-ਨਾਲ ਨਾਟਕ ਅਤੇ ਮੌਕ ਡ੍ਰਿੱਲ ਰਾਹੀਂ ਵਿਦਿਆਰਥੀਆਂ ਨੂੰ ਪ੍ਰਯੋਗਿਕ ਸਿਖਲਾਈ ਵੀ ਦਿੱਤੀ ਗਈ। ਇਹ ਸਾਰੇ ਸੈਸ਼ਨ ਨਰਸਿੰਗ ਨਾਲ ਸਬੰਧਿਤ ਵੱਖ-ਵੱਖ ਵਿਭਾਗਾਂ ਦੇ ਮਾਹਿਰ ਅਧਿਆਪਕਾਂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਕਰਵਾਏ ਗਏ।

ਇਸ ਵਰਕਸ਼ਾਪ ਨੂੰ ਸਫਲ ਬਣਾਉਣ ਵਿੱਚ ਪ੍ਰਬੰਧਕਾ ਡਾ. ਮਨਦੀਪ ਕੌਰ, ਸ੍ਰੀਮਤੀ ਐਨਾ ਜੈਕਬ, ਸ੍ਰੀਮਤੀ ਜੈਸਮੀਨ ਕੌਰ ਅਤੇ ਸ੍ਰੀਮਤੀ ਹਰਪ੍ਰੀਤ ਕੌਰ ਦਾ ਵਿਸ਼ੇਸ਼ ਅਤੇ ਬਹੁਮੁੱਲਾ ਯੋਗਦਾਨ ਰਿਹਾ।

ਇਸ ਮੌਕੇ ਤੇ ਬੋਲਦੇ ਹੋਏ ਪ੍ਰੋ. (ਡਾ.) ਰਾਜੀਵ ਸੂਦ, ਵਾਈਸ ਚਾਂਸਲਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼ ਨੇ ਇਸ ਉਪਰਾਲੇ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਹੁਨਰ-ਅਧਾਰਿਤ ਪ੍ਰੋਗਰਾਮ ਯੋਗ ਅਤੇ ਸਮਰੱਥ ਸਿਹਤ ਸੇਵਾ ਪ੍ਰਦਾਤਾ ਤਿਆਰ ਕਰਨ ਲਈ ਬਹੁਤ ਜਰੂਰੀ ਹਨ। ਉਨ੍ਹਾਂ ਕਿਹਾ ਕਿ ਮੁੱਢਲੀ ਸਹਾਇਤਾ ਦੀ ਪ੍ਰਯੋਗਿਕ ਸਿਖਲਾਈ ਵਿਦਿਆਰਥੀਆਂ ਨੂੰ ਸੰਕਟਮਈ ਸਥਿਤੀਆਂ ਵਿੱਚ ਤੁਰੰਤ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਸੇਵਾ ਦੇਣ ਲਈ ਤਿਆਰ ਕਰਦੀ ਹੈ।

ਪ੍ਰਿੰਸੀਪਲ ਡਾ. ਹਰਦੀਪ ਕੌਰ ਮੱਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਨਰਸਿੰਗ ਪੇਸ਼ੇ ਵਿੱਚ ਮੁੱਢਲੀ ਸਹਾਇਤਾ ਬਾਰੇ ਜਾਣਕਾਰੀ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੇ ਵਰਕਸ਼ਾਪ ਵਿਦਿਆਰਥੀਆਂ ਦੀਆਂ ਕਲੀਨੀਕਲ ਕੁਸ਼ਲਤਾਵਾਂ ਨੂੰ ਮਜ਼ਬੂਤ ਕਰਦੇ ਹਨ ਅਤੇ ਉਨ੍ਹਾਂ ਨੂੰ ਐਮਰਜੈਂਸੀ ਹਾਲਤਾਂ ਵਿੱਚ ਤੁਰੰਤ ਸੇਵਾ ਦੇਣ ਲਈ ਤਿਆਰ ਕਰਦੇ ਹਨ।

ਕਾਲਜ ਪ੍ਰਬੰਧਕਾਂ ਵੱਲੋਂ ਦੱਸਿਆ ਗਿਆ ਕਿ ਇਸ ਤਰ੍ਹਾਂ ਦੇ ਪ੍ਰਯੋਗਿਕ ਅਧਾਰਿਤ ਪ੍ਰੋਗਰਾਮ ਵਿਦਿਆਰਥੀਆਂ ਦੀ ਐਮਰਜੈਂਸੀ ਸਥਿਤੀਆਂ ਵਿੱਚ ਤੁਰੰਤ ਅਤੇ ਪ੍ਰਭਾਵਸ਼ਾਲੀ ਸੇਵਾ ਦੇਣ ਦੀ ਯੋਗਤਾ ਨੂੰ ਹੋਰ ਮਜ਼ਬੂਤ ਕਰਦੇ ਹਨ।



